੧ਓ

# ਸ੍ਰੀ ਸਤਿਗੁਰੂ ਰਾਮਸਿੰਘ ਜੀ ਸਹਾਇ



Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com



ਯਾਦਗਾਰ ਸੰਤ ਇਕਬਾਲ ਸਿੰਘ ਮਨਚੰਦਾ

ਜਨਮ 12/10/1919 — ਚਲਾਣਾ 14/8/1990

Sri Satguru Jagjit Singh Ji Elibrary NamdhariElibrary@gmail.com

੧ਓੰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

"ਸ੍ਰੀ ਸਤਿਗੁਰੂ ਜੀ ਦੀ ਪ੍ਰਭੂ ਭਗਤੀ ਅਤੇ ਪਿਆਰ ਨਾਲ

ਭਰਪੂਰ ਉਚਾਰਨ ਕੀਤੇ ਹੋਏ ਗੀਤਾਂ ਦਾ

ਸੰਗਰਹਿ ਭੇਟ ॥"

ਲੇਖਕ :- ਇਕਬਾਲ ਸਿੰਘ "ਮਨਚੰਦਾ"

ਬੈਂਕੋਕ (ਥਾਈਲੈਂਡ)

Sri Satguru Jagjit Singh Ji Elibrary NamdhariElibrary@gmail.com

੧ਓ

"ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਆਗਮਨ"

(ਗੀਤ ਦੇ ਵਿਚ)

1. ਖੁਸ਼ੀਆਂ ਮਨਾ ਦੀਆਂ ਲੋਗ ਨੇ ਜਦੋਂ ਦਰ ਪਰਤਾਪੀ ਪ੍ਰਗਟਾ ਦਿਖਾਇਆ ਸਿੰਘਾਂ ਦੇ ਭਾਗ ਜਾਗ ਪਏ, ਜਦੋਂ ਰੌਣ ਕੌਲ ਚਰਨ ਪਾਇਆ

2. ਚੇਤ ਵਦੀ ਤੀਜ ਵਿਕ੍ਰਮੀ, ਨਿੰਮ੍ਹੀ ਵਰਖਾ ਸੀ ਵਿੱਚ ਲੋਕੇ ਲਾਈ॥ ਬੈਠੇ ਹੋਏ ਰਾਮ-ਸਰ ਤੇ ਦਿਤੀ ਘਰ ਵਲੇ ਕੀਰਤਨ ਦੀ ਵਧਾਈ
ਆਗਿਆ ਹੈ ਵਾਲੀ ਧਾਰ ਦਾ ਗੁਰੂ ਹਰੀ ਸਿੰਘ ਮੁਖੋਂ ਫੁਰਮਾਇਆ॥ ਖੁਸ਼ੀਆਂ ਮਨਾਈਆਂ ਲੋਕਾਂ ਨੇ ........

3. ਦਰਸ਼ ਕਰਨ ਵਾਲਿਆਂ ਨੂੰ ਰੋਕੇ ਦਿਤਾ ਸੀ ਕਸ਼ਟ ਵਧੇਰਾ॥ ਸਿਰ ਗਦੀ ਦੁੱਖਾਂ ਦੀ ਚਰਨੀ ਲਾਇਆ ਸੁਖਾਂ ਨੇ ਆਨ ਕੇ ਡੇਰਾ
ਦੋਹਾਂ ਤੋਂ ਬੀਬੀ ਭੇਜ ਗਿਆ ਤ੍ਰਿਗ ਧੰਨ ਧੰਨ ਧੀਨ ਸਭ ਗਾਇਆ॥ ਖੁਸ਼ੀਆਂ ਮਨਾਈਆਂ ਲੋਕਾਂ ਨੇ ........

4. ਚੰਨ ਮਾਤਾ ਜੀਵਨ ਕੌਰ ਦਾ ਸਤਿਗੁਰੂ ਹਰੀ ਸਿੰਘ ਦਾ ਦੁਲਾਰਾ॥ ਸਤਿ: ਪਰਤਾਪ ਸਿੰਘ ਜੀ ਬੀਬੀ ਰਲੇ ਨੇ ਮੁਖੋਂ ਸੀ ਉਚਾਰਾ॥
ਦਿਨੋ ਦਿਨ ਹੁੰਦਾ ਜਾਂਦਾ ਤੇਜ ਦੂਣੇ ਤੋਂ ਸਵਾ ਸਵਾਇਆ॥ ਖੁਸ਼ੀਆਂ ਮਨਾਈਆਂ ਲੋਕਾਂ ਨੇ ........

5. ਜੋਤ ਜਗਾ ਕੇ ਜੋਤ ਤੋਂ ਪਾਇਆ ਪੰਥ ਪਰੀਹੇ ਚਾਦਾਨੀ॥ ਜੋ ਗਏ ਆਇਆ ਦਰ ਚੱਲ ਕੇ ਕਟੇ ਮੁਕਤਿ ਆਨਾ ਵੇਖ ਪਾਣੀ॥
ਦੇ ਕੇ ਉਪਦੇਸ਼ ਮੰਤ੍ਰ ਦਾ ਸਤਿਨਾਮ ਗੁਰ ਮੰਤ੍ਰ ਦ੍ਰਿੜਾਇਆ॥ ਖੁਸ਼ੀਆਂ ਮਨਾਈਆਂ ਲੋਕਾਂ ਨੇ ........

6. ਏਹਦਾ ਪਰਤਾਪ ਵੇਖ ਕੇ ਸਿਜਦਾ ਕਰਦੀ ਸੀ ਸਾਰੀ ਲੁਕਾਈ॥ ਸਿੱਧ ਸੰਘ ਗੁਰੂ ਆਖਦੇ ਬੀਮਾ ਕਹਿੰਦੇ ਸੀ ਦੇ ਸਹੂੰ ਦੀ ਸਦੀ ਪ
ਅੰਗਰੇਜ਼ ਜਹੇ ਸੇਵਕ ਆਖਦੇ ਇਹ ਤਾਂ ਕੁਦਰਤ ਦਾ ਜਾਇਆ॥ ਖੁਸ਼ੀਆਂ ਮਨਾਈਆਂ ਲੋਕਾਂ ਨੇ ........

7. ਗੁਣੀ ਤੇ ਗਿਆਨੀ ਆਣ ਕੇ ਮੂਹਿ ਮੰਗੀਆਂ ਮੁਰਾਦਾਂ ਪਾਵੇ॥ ਨੈਣਾਂ ਦੀ ਆਸ ਤੱਕ ਕੇ ਵਾਰੀ ਸਦਕੇ ਘੋਲੀ ਜਾਵੇ॥
ਜਸ ਕਰ ਕਰ ਥਕ ਗਏ, ਏਹਦਾ ਅੰਤ ਕਿਸੇ ਨਾ ਪਾਇਆ॥ ਖੁਸ਼ੀਆਂ ਮਨਾਈਆਂ ਲੋਕਾਂ ਨੇ ਜਦੋਂ ਦਰ ਪਰਤਾਪੀ ਪਾਇਆ
ਸਿੰਘਾਂ ਦੇ ਭਾਗ ਜਾਗ ਪਏ ਜਦੋਂ ਰੌਣ ਕੌਲ ਚਰਨ ਪਾਇਆ॥

Sri Satguru Jagjit Singh Ji Elibrary NamdhariElibrary@gmail.com

## "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਉਪਮਾ"

(ਗੀਤ ਨੰ: ੨)

"ਵਡ-ਪਰਤਾਪੀ ਸਤਿਗੁਰੂ ਜੀ ਦੀ ਮਹਿਮਾ ਅਪਰ ਅਪਾਰ ਜੀ॥ ਆਓ ਰਲ ਮਿਲ ਗਾਈਏ ਉਸਦੇ ਕੀਤੇ ਪਰ-ਉਪਕਾਰ ਜੀ॥"

1. ਭੈਣੀ ਦੇ ਵਿਚ ਦੀਪ ਜਗੇ ਤੇ ਪਰਪਰ ਜੁਗਨੀਆਂ ਛਾਈਆਂ ਸਨ॥ ਮਾਤਾ ਜੀਵਨ ਕੌਰ ਨੂੰ ਲੋਕਾਂ ਦਿਤੀਆਂ ਆਨ ਵਧਾਈਆਂ ਸਨ॥
ਸੂਰਜ ਤੋਂ ਵਧ ਤੇਜ਼ ਨਿ ਉਸਦਾ ਮੁੱਖੜਾ ਨੂਰ ਇਲਾਹੀ ਸੀ॥ ਭਵ-ਸਾਗਰ ਤੋਂ ਪਾਰ ਉਤਰ ਗਏ ਜਿਨ੍ਹਾਂ ਪ੍ਰੀਤ ਜਿਨ ਲਾਈ ਸੀ॥
ਘਰ ਕੋਠਿਆਂ ਦੇ ਵਿਚ ਖ਼ੁਸ਼ੀਆਂ ਵਿਸਮਾਦ ਮੰਗਲਾਚਾਰ ਜੀ॥ ਆਓ ਰਲ ਮਿਲ ਗਾਈਏ........................

2. ਪਾਲਕੀ ਉਸਦੇ ਸਾਈਂ ਦਾਨੀ ਨਿਤ ਉਠ ਲਾਹਿੰਦੇ ਜਾਂਦੀ ਸੀ॥ ਹੱਸ ਵਿਚ ਸਾਹਿਬ ਦਯਾਲ ਸਮਾਧੀ ਸਤਿਗੁਰ ਜੀ ਨੂੰ ਖਿਡਾਂਦੀ ਸੀ॥
ਆਪ ਮੇਰੇ ਪ੍ਰੀਤਮ ਜੀ ਆਉਣ, ਰੋਕਾ ਉਸਨੇ ਦਿੱਤਾ ਸੀ॥ ਚਤੁਰੀ ਕਰਕੇ ਸਿਖਿਆਂ ਲੋਕਾਂ ਠੱਠਾ ਉਸਦਾ ਕੀਤਾ ਸੀ॥
ਉਸ ਦੇ ਦਿਲ ਦੀ ਤਾਰ ਨੂੰ ਸੁਣ ਕੇ ਆ ਗਏ ਸਿਰਜਨਹਾਰ ਜੀ॥ ਆਓ ਰਲ ਮਿਲ ਗਾਈਏ ਉਸਦੇ........................ ॥

3. ਚਰਤੇ ਅਰਜ ਗੁਜ਼ਾਰੀ ਸਿੱਖ ਨੇ, ਦੇਵੋ ਨਾਮ ਦਾ ਦਾਨ ਜੀ॥ ਚੌਕੀ ਸਾਹਿਬ ਆਸਣ ਤੋਂ ਗੁਰਾਂ, ਹੁਕਮ ਕੀਤਾ ਭਗਵਾਨ ਜੀ॥
ਚੌਕੀ ਤੋਂ ਮੈਂ ਜਾਂ ਨਾ ਸਾਰੀ, ਹੱਸ ਤੂੰ ਮਾਂ ਦੇ ਲਾਲ ਜੀ॥ ਪਰ ਮੇਰੀ ਸੇਵਾ ਸਿੱਖ ਚਾਹੇ ਤੱਕਣੀ ਬੀਚ ਗਿਆਨ ਜੀ॥
ਉਸਦਾ ਪਾਰ ਉਤਾਰਾ ਕੀਤਾ ਚੜ੍ਹ ਕੇ ਚੌਂਕੀ ਦਾਤਾਰ ਜੀ॥ ਆਓ ਰਲ ਮਿਲ ਗਾਈਏ ਉਸਦੇ........................ ॥

4. ਕਾਂਸ਼ੀ ਦੇ ਵਿਚ ਬੈਠੇ ਸਿੱਖਾਂ ਨੂੰ, ਜੇਲ੍ਹ ਜਿ ਦਰਸ ਦਿਖਾਇਆ ਸੀ॥ ਭੈਣੀ ਸਾਹਿਬ ਪਹੁੰਚਣ ਦੇ ਲਈ ਉਸਨੂੰ ਹੁਕਮ ਸੁਣਾਇਆ ਸੀ॥
ਉਸਦੇ ਮਨ ਵਿਚ ਨਿਸਚਾ ਹੋਇਆ ਸਤਗੁਰੂ ਬੈਠੀ ਹੋਇ ਜੀ॥ ਜਿਸ ਦੇ ਸਿਰ ਤੇ ਸਤਿਗੁਰ ਹੋਵੇ ਸਾਰ ਨ ਸਾਕੇ ਕੋਇ ਜੀ॥
ਨਦਨ ਕਦਨ ਗੁਨ ਕਰੇ ਕਰਿ ਗਾਵਾਂ, ਪ੍ਰੀਤ ਦਾ ਪਾਰਾਵਾਰ ਜੀ॥ ਆਓ ਰਲ ਮਿਲ ਗਾਈਏ ਉਸਦੇ........................ ॥

5. ਰਲ ਪਾਉਣ ਲਈ ਕਿਰਾਮਾਈ ਜਦ ਸਤਿਗੁਰੂ ਜੀ ਕੁਝ ਪਾ ਜਾਂਦਾ ਸੀ॥ ਇਸੇ ਦੇਵੀ ਪਰਕਿਸੇ ਨੀਂਦ੍ਰਾ, ਸਭ ਨੂੰ ਹੁਕਮ ਸੁਣਾਂਦਾ ਸੀ॥
ਸਾਈਂ ਕਿਹਾ "ਲਗੀ ਜਾਣ ਦੇਵਾਂ ਮੈਂ", ਹੋ ਗਿਆ ਦੱਸ ਮਸਕਰੀ ਸੀ॥ ਉਡਿਆ ਜਹਾਜ਼ ਸੀ ਵਾਪਸ ਆਇਆ, ਪ੍ਰੇਮ ਦੀ ਏਹ ਨਿਸ਼ਾਨੀ ਸੀ॥
ਉਸਦੀ ਸੰਗਤ ਨੂੰ ਪ੍ਰੇਮ ਕੀਤਾ, ਸੱਚੇ ਬਖਸ਼ਣਹਾਰ ਜੀ॥ ਆਓ ਰਲ ਮਿਲ ਗਾਈਏ ਉਸਦੇ ਕੀਤੇ ਪਰ-ਉਪਕਾਰ ਜੀ॥

"ਵਿਛੜੇ ਪਰਦੇਸੀ ਪ੍ਰੀਤਮ ਜੀ ਦੀ ਯਾਦ ਵਿੱਚ ਵਿਛੋੜੇ ਦਾ ਗੀਤ"

(ਗੀਤ ਨੰ. ਤਿੰਨ)

"ਰਾਹੀ ਰਾਹੇ ਜਾਂਦਿਆ ਵੇ, ਸਿੱਧੀ ਪੰਧ ਵਾਲਿਆ ਵੇ,
ਦੱਸ ਕੋਈ ਪਤਾ ਮੈਨੂੰ ਚੀਨੀ ਅਸਵਾਰ ਦਾ"
ਦੱਸ ਗਿਆ ਨ ਪਤਾ ਓਹ ਆਪਣਾ ਟਿਕਾਣਾ। ਢੂੰਡ ਥਕੀ ਸਾਰੇ ਓਹਦਾ ਦੇਸ ਨ ਜਾਣਾ॥
ਯਾਦ ਓਹਦੀ ਗਲ ਲਿਪਟ ਚੱਲੀ, ਲਾ ਗਿਆ ਮੈਨੂੰ ਕਮਲੀ, ਦੱਸ ਕੋਈ ਪਤਾ ਮੈਨੂੰ ਚੀਨੀ ਅਸਵਾਰ ਦਾ॥
ਰਾਹੀ ਰਾਹੇ ਜਾਂਦਿਆ ਵੇ:-
ਕਿਸ ਨੂੰ ਸੁਣਾਵਾਂ ਦੁੱਖ ਦਰਦਾਂ ਦਾ ਹਾਲ ਨੀ। ਰੋ ਰੋ ਲੰਘਾਵਾਂ ਦਿਨ ਮਹੀਨੇ ਤੇ ਸਾਲ ਨੀ॥
ਨਿੱਤ ਮੈਂ ਸ਼ਗਨ ਮਨਾਵਾਂ, ਕਾਵਾਂ ਨੂੰ ਚੂਰੀ ਪਾਵਾਂ, ਦੱਸ ਕੋਈ ਪਤਾ ਮੈਨੂੰ ਚੀਨੀ ਅਸਵਾਰ ਦਾ॥
ਰਾਹੀ ਰਾਹੇ ਜਾਂਦਿਆ ਵੇ:-
ਦਰਸ਼ਨ ਬਾਝੋਂ ਡਾਹਢੀ ਹੋਈ ਵਿਆਕੁਲ ਨੀ। ਰਹਿੰਦੀ ਵੇ ਅੱਖਾਂ ਸਾਹਵੇਂ ਓਸਦੀ ਤਸਵੀਰ ਨੀ॥
ਤਨ ਮਨ ਅਰਪਾਂ ਉਸ ਨੂੰ, ਸੀਸ ਵੀ ਅਰਪਾਂ ਉਸ ਨੂੰ, ਦਰਸ਼ਨ ਕਰਾਵੇ ਜਿਹੜਾ ਚੀਨੀ ਅਸਵਾਰ ਦਾ॥
ਰਾਹੀ ਰਾਹੇ ਜਾਂਦਿਆ ਵੇ:-

Sri Satguru Jagjit Singh Ji Elibrary NamdhariElibrary@gmail.com

"ਚੀਨੀ ਵਾਲੇ ਪ੍ਰੀਤਮ ਜੀ ਦੀ ਯਾਦ ਵਿੱਚ

(ਗੀਤ ਨੰ. ਚਾਰ) ਇਕ ਵਿਰਹਣ ਦੇ ਬੋਲ"

←—o—→

"ਲੱਗੀਆਂ ਤੋੜੀਂ ਫੇਰਾ ਵਤਨਾਂ ਨੂੰ ਪਾ ਜਾ। ਚੀਨੀ ਸਾਮਦਾਰ ਨੂੰ ਵੀ ਮੁੱਖੜਾ ਦਿਖਾ ਜਾ।"

←—o—→

ਯਾਦ ਤੇਰੀ ਵਿਚ ਸਤਿਗੁਰ, ਵਡ ਪਰਤਾਪੀ ਜੀ ਨੇ ਪਾਠ ਕਰਾਏ,

ਮਨ ਵਿਚ ਇਹ ਆਸ ਧਰਕੇ, ਫਿਰ ਪਰਦੇਸੀ ਆ ਕੇ ਦਰਸ ਦਿਖਾਏ,

ਤਪਦਿਆਂ ਦਾ ਸਹਾਰਾ ਹੈ ਤਾਂ ਦੁੱਖੜਾ ਮਿਟਾ ਜਾ। "ਲੱਗੀਆਂ ਤੋੜੀਂ ਫੇਰਾ..........."

ਕੋਠੇ ਤੇ ਚੜ੍ਹ ਕੇ ਨਿੱਤ ਮੈਂ, ਕਾਗ ਉਡਾਵਾਂ ਵੇਖਾਂ ਤੇਰੀਆਂ ਰਾਹਵਾਂ,

ਮੁੱਦਤਾਂ ਨੇ ਹੋਈਆਂ ਨੈਣ ਤਰਸੇਂਦਿਆਂ, ਕਦ ਦਰਸਨ ਪਾਵਾਂ,

ਕਰ ਕੇ ਇਕਰਾਰ ਪੂਰਾ ਮੁੱਖੜਾ ਦਿਖਾ ਜਾ। "ਲੱਗੀਆਂ ਤੋੜੀਂ ਫੇਰਾ..........."

ਰੋਇਆਂ ਵੇਚਾਰੇ ਮਨ ਨੂੰ ਚੈਨ ਨ ਆਵੇ ਡਾਢਾ ਬਿਰਹਾ ਸਤਾਵੇ,

ਸੇਜਾ ਤੇ ਪਈ ਇਕੱਲੀ, ਸਿਰਹਾਣੇ ਲੈ ਪਿਆਰਿਆਂ ਤਕੇ, ਨੀਂਦ ਨ ਆਵੇ,

ਦਿਲ ਦੀ ਪੁਕਾਰ ਸੁਣ ਕੇ, ਮੁੱਖੜਾ ਦਿਖਾ ਜਾ। ਲੱਗੀਆਂ ਤੋੜੀਂ ਫੇਰਾ ਵਤਨਾਂ ਨੂੰ ਪਾ ਜਾ।

ਚੀਨੀ ਸਾਮਦਾਰ ਨੂੰ ਵੀ ਮੁੱਖੜਾ ਦਿਖਾ ਜਾ।"

←—o—→

Sri Satguru Jagjit Singh Ji Elibrary NamdhariElibrary@gmail.com

“ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਉਤਸਵ”

(ਗੀਤ ਨੰ. ਪੰਜ)

‘ਸਮੇਂ’ ਦਾ ਗੀਤ

‘ਜੀਵਨ ਦੇ ‘ਚੰਨ ਦਾ’ ਤਾਰਾ’, ਸ੍ਰਿਸ਼ਟੀ ਦਾ ਸਿਰਜਣਹਾਰਾ,
ਜੱਗ ਨੂੰ ਜਿੱਤਣ ਲਈ, ਅਰਸ਼ਾਂ ਤੋਂ ਆਇਆ। ਜੱਗ ਨੂੰ ਜਿੱਤਣ ਲਈ..........

ਮਾਤ ਭੂਪਿੰਦਰ ਜੀ ਦੇ ਨੈਣਾਂ ਦਾ ਨੂਰ ਹੈ॥ ਏਸ ਦਾ ਦਰਸ਼ਨ ਕਰਕੇ ਆਉਂਦਾ ਸਰੂਰ ਹੈ॥
ਸੰਗਤ 'ਚਿ ਸੋਭਾ ਪਾਵੇ, ਆਖੀ ਨ ਉਪਮਾਂ ਜਾਵੇ,
ਦੁਖੜੇ ਮੇਟਣ ਲਈ ਅਰਸ਼ਾਂ ਤੋਂ ਆਇਆ॥ ਜੀਵਨ ਦੇ ਚੰਨ ਦਾ ਤਾਰਾ........

ਦੀਨਨ ਦਇਆਲ ਦਾਤਾ ਸਤ ਦੇ ਨਿਵਾਜ ਨੇ॥ ਮਾਂਵਾਂ ਦੇ ਸਾਰ ਬੇਟੇ ਛਡਦੇ ਸੁਖਾਜ ਨੇ॥
ਏਕੇ ਦਾ ਪਾਠ ਪੜ੍ਹਾਵੇ, ਦੂਈ ਤੋਂ ਦੂਰ ਹਟਾਵੇ;
ਪਿਆਰ ਵੰਡਣ ਲਈ ਅਰਸ਼ਾਂ ਤੋਂ ਆਇਆ॥ ਜੀਵਨ ਦੇ ਚੰਨ ਦਾ ਤਾਰਾ........

ਗੜ੍ਹਿਆਂ ਦਾ ਚਰਦੀ ਧੀਰਜ ਦੁਖੀਆਂ ਦਾ ਮੀਤ ਨੀ॥ ਰੰਗੀਲਿਆਂ ਦੀ ਤੋੜ ਨਿਭਾਵੇ ਪ੍ਰੀਤ ਨੀ॥
ਮੁਖੜੇ ਤੇ ਮੁਸਕਣੀ ਜਾਵੇ, ਠੋਕਰ ਪਈ ਚਾਦੀ ਜਾਵੇ,
ਪਾਰ ਕਰਨ ਲਈ ਅਰਸ਼ਾਂ ਤੋਂ ਆਏਗਾ॥ ਜੀਵਨ ਦੇ ਚੰਨ ਦਾ ਤਾਰਾ..........

Sri Satguru Jagjit Singh Ji Elibrary NamdhariElibrary@gmail.com

## "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਪਮਾਂ ਦਾ ਗੀਤ"

(ਗੀਤ ਨੰ: ੬)

1. "ਉਸ ਵਡ-ਪਰਤਾਪ ਦੁਲਾਰੇ ਦਾ; ਮਿਲਕੇ ਸੁਕਰਾਨਾ ਗਾ ਲਈਏ।
ਮਿਲ ਜਾਏ ਚਰਨਾਂ ਦੀ ਧੂੜੀ ਜੇ, ਓਹ ਆਪਣੇ ਸੀਸ ਸਜਾ ਲਈਏ" ਉਸ ਵਡ-ਪਰਤਾਪ

2. ਓਹ ਸਾਰਗੀ ਪ੍ਰੀਤਮ ਪਿਆਰਾ ਏ, ਦੁਖੀਆਂ ਦੇ ਦਿਲ ਦਾ ਸਹਾਰਾ ਏ,
ਉਸ ਨੂੰ ਮਨ ਮੰਦਿਰ ਵਿਚ ਰੱਖ ਕੇ, ਜੀਵਨ ਦੀ ਜੋਤ ਜਗਾ ਲਈਏ" ਉਸ ਵਡ-ਪਰਤਾਪ.......

3. ਓਹ ਸਰਬ ਘਟਾਂ ਦਾ ਮਾਲਕ ਏ, ਸਭ ਜੀਆਂ ਦਾ ਪ੍ਰਤਿਪਾਲਕ ਏ,
ਉਸ ਦਾਤੇ ਮਿਲਾਵਣਹਾਰੇ ਨੂੰ, ਸਹਿਜ ਮਨ ਮੀਤ ਬਣਾ ਲਈਏ। ਉਸ ਵਡ-ਪਰਤਾਪ.......

4. ਓਹ ਭੁੱਲਿਆਂ ਨੂੰ ਰਾਹੇ ਪਾਉਂਦਾ ਏ, ਜਨਮਾਂ ਦੇ ਗੇੜ ਮੁਕਾਉਂਦਾ ਏ।
ਫੜ ਕੇ ਪੱਲੜਾ ਉਸ ਸਾਜਨ ਦਾ, ਭਵ-ਸਾਗਰ ਪਾਰ ਕਰਾ ਲਈਏ। ਉਸ ਵਡ-ਪਰਤਾਪ.......

5. ਉਸ ਦੇ ਨੈਣਾਂ ਵਿਚ ਖੁਮਾਰੀ ਏ, ਓਹਦੀ ਸੰਗਤ ਸਭ ਤੋਂ ਨਿਆਰੀ ਏ,
ਓਹਦੇ ਨਾਮ ਦਾ ਮਿਲ ਜਾਏ ਮੈ-ਖਾਨਾ, ਪੀ ਪੀ ਮਨ ਮਸਤ ਬਣਾ ਲਈਏ। ਉਸ ਵਡ-ਪਰਤਾਪ.......

6. ਓਹ ਸੈਆਂ ਏਸ਼ ਪਿਆਰਾਂ ਦਾ ਓਹ ਮੰਜ਼ਲ ਹੈ ਗੁਨਾਹ-ਗਾਰਾਂ ਦਾ,
ਉਸ ਦੇ ਦਰ ਚੱਲਕੇ ਆਉ ਅਸੀਂ, ਦੱਸ ਆਪਣੇ ਗੁਨਾਹ ਬਖ਼ਸ਼ਾ ਲਈਏ" ਉਸ ਵਡ-ਪਰਤਾਪ.......

## "ਨਾਮਧਾਰੀ ਸ਼ਹੀਦਾਂ ਦੀ ਪਵਿੱਤਰ ਯਾਦ ਵਿੱਚ"

(ਗੀਤ ਨੰ: ਸੱਤ)

1 "ਧਰਮ ਦੀ ਖਾਤਰ ਵਤਨ ਪੁਜਾਰੀ, ਹੱਸ ਹੱਸ ਸੂਲੀ ਚੜ੍ਹਦੇ ਨੇ"
ਚੜ੍ਹਦੇ ਚੜ੍ਹਦੇ ਕਰਨ ਮਜ਼ਾਖਾਂ, ਮੌਤੋਂ ਮੂਲ ਨ ਡਰਦੇ ਨੇ""
ਧਰਮ ਦੀ ਖਾਤਰ..........

2 "ਦੇਸ਼ ਧਰਮ ਤੇ ਜਦੋਂ ਆ ਬਣਦੀ, ਸੂਰੇ ਸ਼ਹੀਦੀ ਪਾਂਦੇ ਨੇ"
ਦੇਸ਼ ਮੰਜ਼ਲ ਤੇ ਢੁਕਦੇਂ ਪਹਿਲਾਂ, ਤਲੀ ਤੇ ਸੀਸ ਟਿਕਾਂਦੇ ਨੇ"
ਹੱਥੀਂ ਬੰਨ੍ਹ ਸ਼ਹੀਦੀ ਗਾਨੇ, ਕਫ਼ਨੀ ਸੀਸ ਸਜਾਂਦੇ ਨੇ"
"ਸੀਸ ਜਾਵੇ ਪਰ ਸਿਦਕ ਨ ਜਾਵੇ, ਗੀਤ ਆਜ਼ਾਦੀ ਗਾਂਦੇ ਨੇ"
ਨੀਹਾਂ ਪੱਕੀਆਂ ਦੇਸ਼ ਦੀਆਂ ਏਹ, ਖੂਨ ਜਿਸਮ ਨਾਲ ਕਰਦੇ ਨੇ"
ਚੜ੍ਹਦੇ ਚੜ੍ਹਦੇ ਕਰਨ ਮਜ਼ਾਖਾਂ .............""

3 "ਜੋਸ਼ ਚੜ੍ਹੀ ਜਦ ਹੱਲਾ ਕਰਦੇ, ਮੌਤ ਲਾੜੀ ਨੂੰ ਵਰਨ ਲਈ"
ਭਿੜ ਭਿੜ ਕੇ ਪਰਵਾਨੇ ਆਏ, ਧਰਮ ਸ਼ਮਾਂ ਤੋਂ ਮਰਨ ਲਈ"

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

(ਇ) "ਪਿਛਲੇ ਪੰਨੇ ਦੀ ਬਾਕੀ"

ਆਤਮ-ਘਾਤੀ ਚਲਨ ਚਲਾਈਂ, ਤੈਥਾਂ ਸਾਹ ਮੁਕਾਵਨ ਲਈ ॥
ਇਕ-ਦੂਜੇ ਤੋਂ ਮੂਹਰੇ ਹੁੰਦੇ, ਆਪਾ ਆਪ ਮਿਟਾਵਣ ਲਈ ॥
ਤੋਪ ਦੇ ਗੋਲਿਆਂ ਵਿਚੋਂ ਉਤਾਂ, ਰੱਬ ਦਾ ਦਰਸ਼ਨ ਕਰਦੇ ਨੇ ॥
ਚੜ੍ਹਦੇ ਚੜ੍ਹਦੇ ਕਰਨ ਮਜ਼ਾਖਾਂ .............................. ॥"

<———o———>

4. ਸੰਗ ਇਹਨਾਂ ਦੀ ਇਕੋ ਹੁੰਦੀ, ਨਿਭ ਜਾਵੇ ਨਾਲ ਸਵਾਸਾਂ ਦੇ ॥
ਮੁਲਕ ਦੇ ਵਿਚ ਨਾਮ ਏਹਨਾਂ ਦਾ, ਚਮਕੇ ਵਿਚ ਇਤਿਹਾਸਾਂ ਦੇ ॥
ਇਹ ਹਨ ਜੋਧੇ ਤਨ ਆਪਣੇ ਤੇ, ਦੁਖ ਤਸੀਹੇ ਸਹਿੰਦੇ ਨੇ ॥
'ਤੇਰਾ ਕੀਆ ਮੀਠਾ ਲਾਗੈ', ਮੁੱਖ ਚੋਂ ਏਹੀ ਕਹਿੰਦੇ ਨੇ ॥
ਆਪਣੀ ਆਪ ਸ਼ਹਾਦਤ ਦੇ ਕੇ, ਦਰ ਪ੍ਰੀਤਮ ਦਾ ਮੱਲਦੇ ਨੇ ॥
ਚੜ੍ਹਦੇ ਚੜ੍ਹਦੇ ਕਰਨ ਮਜ਼ਾਖਾਂ, ਮੌਤੋਂ ਮੂਲ ਨ ਡਰਦੇ ਨੇ ॥
'ਧਰਮ ਦੀ ਖਾਤਰ ਵਾਰਨ ਪ੍ਰਾਣੀ .............................. ॥

<———o———>

## "ਪਰਦੇਸੀ ਪ੍ਰੀਤਮ ਦੇ ਚਰਨ ਕੰਵਲਾਂ ਵਿਚ ਪੁਕਾਰ"

(ਗੀਤ ਨੰ ਸਠ)

1. "ਵਤਨਾਂ ਨੂੰ ਮੋੜ ਮੁਹਾਰਾਂ ਦਾਤਾ!
ਖੜ੍ਹੀ ਮੈਂ ਉਡੀਕਾਂ ਰਾਹਾਂ ਤੇਰੀਆਂ, ਵਤਨਾਂ ਨੂੰ ਮੋੜ ਮੁਹਾਰ"

2. "ਭੁੱਲਦਾ ਨਹੀਂ ਵੇਲਾ ਜਦੋਂ, ਭੈਣੀ ਨੂੰ ਛੱਡ ਗਇਆ ਚੱਲੇ ਪਰਦੇਸ ਸੀ"
ਗੱਡੀ ਤੇ ਚੜ੍ਹ ਕੇ ਰੋਂਦੀ, ਸੰਗਤ ਨੂੰ ਜਾਂਦੀ ਵਾਰੀ ਦਿਤਾ ਸੰਦੇਸ਼ ਸੀ" "
'ਦੇਵਾਂਗਾ ਛੇਤੀ ਮੈਂ ਦੀਦਾਰ" ਦਾਤਾ! ਖੜ੍ਹੀ ਮੈਂ ਉਡੀਕਾਂ ਰਾਹਾਂ ਤੇਰੀਆਂ"
"ਵਤਨਾਂ ਨੂੰ ਮੋੜ ਮੁਹਾਰ"

3. "ਰਾਹ ਤੱਕ ਤੱਕ ਅੱਖਾਂ ਥੱਕ ਗਈਆਂ, ਫਿਰ ਭੀ ਆਇਆ ਪਾਇਆ ਨ ਫੇਰਾ"
ਲੱਭ ਥੱਕੀ ਹਾਰ ਗਈ, ਪਤਾ ਨਹੀਂ ਪੀਆ ਕਿੱਥੇ ਲਾਇਆ ਜਾ ਡੇਰਾ" "
'ਦੁਖੀਆਂ ਦੀ ਸੁਣ ਲਉ ਪੁਕਾਰਾਂ" ਦਾਤਾ! ਖੜ੍ਹੀ ਮੈਂ ਉਡੀਕਾਂ ਰਾਹਾਂ ਤੇਰੀਆਂ"
"ਵਤਨਾਂ ਨੂੰ ਮੋੜ ਮੁਹਾਰ"

(ਧਾਰਨੀ ਅਮਲੇ ਦੀਨੇ ਤੇ)

Sri Satguru Jagjit Singh Ji Elibrary NamdhariElibrary@gmail.com

"ਪਿਛਲੇ ਪੰਨੇ ਦੀ ਬਾਕੀ"

" ਵਿਰਹਾਂ ਦੀ ਲਾਟ ਮੇਰੇ ਸੀਨੇ ਦੇ ਵਿੱਚ ਅਜੇ ਤੀਕ ਪਈ ਬਲਦੀ "
ਬਲਦੀ ਨ ਬੁੱਝ ਜਾਵੇ, ਪੀਆ ਦੀਦਾਰ ਬਾਝੋਂ ਦੁਖੜੇ ਜਰਦੀ " "
'ਪੂਰਾ ਆਕੇ ਇਕਰਾਰ,' ਦਾਤਾ! ਖੜੀ ਮੈਂ ਉਡੀਕਾਂ ਵਾਟਾਂ ਤੇਰੀਆਂ।।
" ਵਤਨਾਂ ਨੂੰ ਮੋੜ ਮੁਹਾਰ।। "

5. " ਸਭ ਸਖੀਆਂ ਮਿਲ ਸਾਵਣ ਦੇ ਮਹੀਨੇ, ਗਾਵਣ ਖੁਸ਼ੀਆਂ ਦੇ ਗੀਤ ਨੀ "
ਮੈਂ ਦੁਖਿਆਰੀ ਨਿੱਤ ਸਹਾਂ ਉਦਰੇਵੇਂ, ਆਜਾ ਮੇਰੇ ਮੀਤ ਨੀ " "
(ਮੇਰੇ) 'ਦਿਲੀ ਦੇ ਸਮਾਚਾਰ,' ਦਾਤਾ! ਖੜੀ ਮੈਂ ਉਡੀਕਾਂ ਵਾਟਾਂ ਤੇਰੀਆਂ)
" ਵਤਨਾਂ ਨੂੰ ਮੋੜ ਮੁਹਾਰ "

Sri Satguru Jagjit Singh Ji Elibrary NamdhariElibrary@gmail.com

"ਪਰਦੇਸੀ ਪ੍ਰੀਤਮ ਜੀ ਦੇ ਚਰਨ ਕਮਲਾਂ ਵਿੱਚ ਸ਼ਰਧਾਂਜਲੀ"

( ਟੀਚਰ ਨੇ )

1.

"ਦਾਤਾ!!
"ਹੇ ਚੀਨੀ ਅਸਵਾਰ
ਮੇਰੇ ਮਿਲਨ-ਹਾਰ
ਅੱਜ ਤੇਰੇ ਦਰ
ਖੜਾ ਹੱਥ ਜੋੜ ਕੇ,
ਗਲ ਵਿਚ ਪੱਲੜਾ ਪਾਕੇ,
ਚਰਨੀਂ ਸੀਸ ਨਿਵਾਕੇ, ਮੈਂ ਕਹਾਂ
ਅਰਜ਼ੋਈਆਂ"

2.

"ਇਹ ਅਰਜ਼ੋਈ,
ਕਦੀਂ ਕਹੀਂ, ਇਹ ਹਨ ਮੇਰੇ
ਦਿਲ ਦੇ ਵਲਵਲੇ,
ਮੇਰੇ ਅੰਤਰ ਦੇ ਤਰਲੇ,
ਮੇਰੇ ਮਨ ਦੀਆਂ ਉਮੰਗਾਂ,
ਡੱਕੀਆਂ ਪਈ ਚਿਰ ਦੀਆਂ,
ਦਾਤਾ, ਤੈਥੋਂ ਬਿਨਾਂ, ਹੋਰ ਕੀਹਦੇ ਅੱਗੇ
ਮੈਂ ਕਰਾਂ, ਇਹ ਅਰਜ਼ੋਈਆਂ"

3.

"ਦਾਤਾ! ਅੱਜ ਸਦੀ ਬੀਤਦੀ ਬੀਤਦੀ ਮੁੱਕ
ਚੱਲੀ, ਜਦ ਤੁਸੀਂ, ਸ੍ਰੀ ਭੈਣੀ ਸਾਹਿਬ ਤੋਂ
ਜਾਲਮਾਂ ਦੇ ਫੜੇ ਗਏ, ਗੱਡੇ ਦੀ ਅਸਵਾਰੀ
ਕਰ, ਚੱਲੇ ਸੀ ਪਰਦੇਸ, ਤੇ ਜਾਂਦਿਆਂ ਜਾਂਦਿਆਂ
ਸਮਝਾਇਆਂ ਰੋਂਦਿਆਂ ਨੂੰ, ਪਿਆਰੀਆਂ ਸੰਗਤਾਂ ਨੂੰ,
ਵਿਲਕਦਿਆਂ ਨੂੰ, ਪਿਆਰੇ ਭਾਈ ਨੂੰ, ਦਿਤਾ ਸੀ
ਇਹ ਸੰਦੇਸ਼:- 'ਫਿਰ ਮੁੜ ਆਵਾਂਗਾ,
ਛੇਤੀ ਮੈਂ ਦੇਸ਼'"

4.

"ਹੇ ਅਕਾਲ ਪੁਰਖ!
ਤੁਹਾਡੇ ਪਿੱਛੇ, ਸੰਗਤ ਨੇ ਤੁਹਾਡੇ ਹੁਕਮ ਮੰਨ ਕੇ
ਅਨੇਕਾਂ ਕਸ਼ਟ ਸਹੇ, ਪਾਠ ਕਰਵਾਇਆਂ,
ਜੇਲਾਂ ਦੇ ਤਸੀਹੇ ਝੱਲੇ, ਕਈਆਂ ਵਿਚੋਂ ਹੀ
ਸਰੀਰ ਤਿਆਗੇ, ਕੇਵਲ, ਇਹ ਆਸ, ਕਿ
ਦਰਸ਼ਨ ਹੋਵਣਗੇ!! ਪਿਤਾ [illegible] ਇਸੇ
ਉਡੀਕਦਿਆਂ ਤਿਆਗ ਦਿੱਤੇ [illegible], ਜਿੱਥੇ
ਸਤਲੁਜ ਜਲ, ਅੰਤ ਸਮੇਂ ਤੁਸਾਂ ਗੁਪਤ

(ਚਾਲੀ ਸਾਲ ਪਹਿਲੇ ਪੰਜ...

Sri Satguru Jagjit Singh Ji Elibrary NamdhariElibrary@gmail.com

## “ਪਿਛਲੇ ਪੰਨੇ ਦੀ ਬਾਕੀ ਦੀ ਕਵਤਾ”

ਰੂਪ ਵਿਚ ਦਰਸ਼ਨ ਦਿਤੇ!! ਪਿਆਰਾ ਭਾਈ
ਸਤਿਗੁਰੂ ਹਰੀ ਸਿੰਘ, ਗਮ ਵਿਚੋਂ,
'ਜੀਏ ਤ ਦਰਗਾ ਹੋਇ'
ਨੇਤਰ ਦਰਸ਼ਨਾਂ ਨੂੰ ਲੋਚਦੇ ਤੇ,
ਚਰਨ ਕਮਲ ਚਹਿੰਦੇ।
ਪਿਤਾ ਜੀ ਉਠੇ, ਤਾਂ ਜਾਣ ਲੋਕ ਇਹ ਪੁਛਦੇ।
“ਮਹਾਰਾਜ, ਨੈਣ ਮੇਰੇ ਜਿਹੜੀ ਕੀ ਰਹਿੰਦੇ,
ਅੱਠੇ ਪਹਿਰ ਵਿਜਾ ਮਹਾਰਾਜ, ਨੈਣ ਵਿਛੋੜਾ
ਨ ਸਹਿੰਦੇ।”
ਨੇਤਰ ਗਾਲਣ ਲਏ, ਜਾਣ ਨ ਦੇਵੀ,
ਆਸ ਨ ਪੁੱਗੀ, ਮਨ ਵਿਚ ਛੇਤੀ ਕਿ ਦਰਸ਼ਨ ਹੋਵਣਗੇ,
ਪਰ ਦਾਤਾ! ਤੁਸੀਂ?

5. ਦਾਤਾ! ਤੇਰੇ ਸਮਤਾ ਕਿਆਂ, ਤੇਰੇ ਦਰਸ਼ਨਾਂ ਦੇ
ਪੀਪੜੀਆਂ, ਸੰਗੀਆਂ, ਸਮੁੰਦਰ ਟੱਪੇ, ਸਾਗਰ ਲੰਘੇ,
ਪਹੁੰਚੇ ਬਹੁਤ ਨਗਰ ਵਾੜ, ਸਮੁੰਦਰ ਪਾਰ,
ਕੋਈ ਬਚੇ ਦੁਖੀਆ ਨੇਤਰ ਹੋਏ ਪਾਰਖੂ,
ਪ੍ਰੇਮੀ ਜੀਵ ਵਿਛੋੜਾ ਪਹਿਰ ਚਰਨ ਪਰਸੇ.
ਕੁਝ ਨਾਮੇ ਲਿਆਏ, ਸੁਣ ਇਹ ਆਸ
ਕਿ ਤੇਰੀ ਦਰਸ਼ਨ ਹੋਵਣਗੇ।

6. ਤੇਰੀ ਯਾਦ ਵਿਚ, ਤੜਪਦਿਆਂ ਤੇਰੇ ਪ੍ਰੇਮੀਆਂ
ਰਾਗਾਂ ਵਿਚ ਨੈਣ ਵਹਿਲਾਏ,
ਅਨੇਕਾਂ ਸੰਤ ਵਿਚੋਂ, 'ਕੇਸਰ ਤਿੰਨੇ,
ਦੁੱਧ, ਰਵਿੰਦੇ ਦੇ ਸੁਗਾਏ ਭਲੇ,
ਨੈਣ ਸਿੰਘ, ਜਿਸ ਸਿੰਘ ਕੂਹੀੜੇ,
ਕਰਤਾਰ ਸਿੰਘ, ਮੀਰਾਂ ਸਿੰਘ,
ਦਾਤਾ! ਹੋਰ ਕਿਤਨੇ ਕਿਤਨੇ ਲਖਾਂ ਸੈਂਕੜਾਂ,
ਅੱਖਾਂ ਮੀਟ ਗਏ, ਸਦਾ ਲਈ
ਇਸੇ ਆਸ ਨੂੰ ਨਾਲ ਲੈ ਗਏ ਕਿ
'ਦਰਸ਼ਨ ਹੋਵਣਗੇ' ਪਰ ਤੈਂ,
ਕੀ ਦਯਾ ਨ ਆਈਆ!

7. ਪਰਸਨੇ ਚੱਲ ਦੀ ਗੱਲ
ਡਾ. ਪਰਤਾਪੀ
ਅਕਾਲ ਪੁਰਖ
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

( ਬਾਕੀ ਅਗਲੇ ਪੰਨੇ ਤੇ )

Sri Satguru Jagjit Singh Ji Elibrary NamdhariElibrary@gmail.com

## ਪਿਛਲੇ ਪੰਨੇ ਦੀ ਬਾਕੀ

### ਬੀਰਰਸ

ਪਿੰਡ ਪਿੰਡ, ਦੇਸ ਪਦੇਸ, ਦੌਰੇ ਕਰਦੇ,
ਸੰਗਤਾਂ ਨੂੰ ਤੁਹਾਡੀ ਹੋਂਦ ਦੀ ਪਛਾਣ ਕਰਵਾਈ,
ਅਤੇ ਮੁੜ ਆਸ ਦਵਾਈ ਕਿ 'ਛੇਤੀ ਦਰਸ਼ਨ ਦੇਵਨਗੇ'॥
ਕੀਰਤਨ ਕਰਦਿਆਂ ਬਿਹਬਲ ਹੋ ਜਾਂਦੇ, ਨੇਤਰਾਂ ਚੀਂ ਜਲ ਆਂਦਾ,
ਜਦ ਇਹ ਪੜ੍ਹਦੇ "ਫਿਰ ਦੇਸ ਨਵੀਂ ਆਸ" 'ਮਿੱਤਰ ਪਿਆਰੇ
ਨੂੰ ਹਾਲ ਫਕੀਰਾਂ ਦਾ ਕਹਿਣਾ', ਤੇ ਭਰੇ ਦਿਲ ਨਾਲ ਇਹ
ਕਹਿੰਦੇ "ਮੁੜ ਆ ਵੇ ਦਿਲਬਰਾ, ਜੱਗ ਦੇਂਦਾ ਮੇਹਣੇ ਤੇਰਾ॥"

8. 'ਪਾਠ ਕਰਵਾਏ ਲੱਖਾਂ, ਚੰਡੀ, ਗਿਣਤੀ ਕੋਈ ਨਾ,
ਅਤੇ ਹੁਕਮ ਕੀਤਾ 'ਚਲਾਉਣ ਲਈ ਸੰਗਤਾਂ ਨੂੰ'
"ਮੈਂ ਚਲਿੰਦਾ ਨਾਲ ਹਾਂ"
ਕਰ ਨਿੱਤ-ਨੇਮ ਮਰਜਾਦਾ ਨਾਲ ਜੁੜ ਹੋਵੇ, ਪ੍ਰਭੂ
ਉਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਤੇ ਇਹ
ਆਸ, 'ਕਿ ਛੇਤੀ ਦਰਸ਼ਨ ਦੇਵਨਗੇ, ਉਸੇ ਤਰ੍ਹਾਂ
ਰਹੀ ਕਾਇਮ'॥ ਪਰ ਹੁਣ?"

9. "ਦਾਤਾ! ਅੱਜ ਇਸੇ ਆਸ ਨੂੰ ਮੁੱਖ ਰੱਖ ਕੇ,
ਪੰਥ ਦੇ ਸਰਤਾਜ ਤੇ ਦਿਲਾਂ ਦੇ ਮਿਹਰਾਜ, ਸਾਰੇ ਜੱਗ ਨੂੰ
ਜਿੱਤਨ ਵਾਲੇ 'ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਪ੍ਰਗਟੀ ਜਗ
ਵਿਚ ਪਰਦੇਸ-ਗਮਨ ਸ਼ਤਾਬਦੀ ਮਨਾਉਣ ਲਈ, ਉਤੀਸ ਵਿਚ
ਦਰਸ਼ਨਾਂ ਲਈ, ਸਵਾ ਲੱਖ ਪਾਠ ਦਾ ਪ੍ਰਬੰਧ ਕਰਵਾ ਕੇ, ਥਾਂ ਥਾਂ
ਦੌਰੇ ਕਰਕੇ, ਸੁੱਤਿਆਂ ਨੂੰ ਹਲੂਣਾ ਦੇ ਕੇ ਜਗਾ ਰਹੇ ਹਨ ਤੇ ਮੁੜ ਫਿ
ਆਸ ਵੰਦ ਬੰਨ੍ਹ ਗਈ ਹੈ ਕਿ ਦਰਸ਼ਨ ਦੇਵਨਗੇ ਛੇਤੀ"॥

10. "ਪ੍ਰਭੂ ਦਾਤਾ! 'ਤੁਸਾਂ ਕਿਹਾ ਸੀ:- ਮੈਂ ਨਹੀਂ ਲਾਂਭੇ ਹੋਇਆ
ਆਵਾਂਗਾ ਆਪ ਹੀ, ਨਹੀਂ ਰਹੀ ਸ਼ਕਤ ਸਾਡੇ ਵਿਚ, ਨਹੀਂ ਸਹ
ਸਕਦੇ ਹੋਰ, ਕਰੋ ਕਿਰਪਾ, ਹੋ ਜਾਵੇ ਮਿਹਰ, ਅਤੇ ਮੁੜ
ਪਿਆਸੀਆਂ ਸੰਗਤਾਂ ਨੂੰ, ਤਿਸਕਦੀਆਂ ਅੱਖੀਆਂ ਨੂੰ, ਸਭ
ਰਹੀ ਦੁਨੀਆਂ ਨੂੰ, ਪਵਿੱਤਰ ਦਰਸ਼ਨ ਦੇ ਕੇ ਪਾ ਦੇਵੋ
ਠੰਢ, ਬਾਰੰਬਾਰ ਪਵਿੱਤਰ ਚਰਨ ਕੰਵਲਾਂ ਤੇ ਦੋਵੇਂ ਹੱਥ
ਜੋੜ, ਗਲ ਵਿਚ ਪੱਲੜਾ ਪਾ ਕੇ, ਸੀਸ ਨਿਵਾ ਕੇ,
'ਮੈਂ ਕਰਾਂ ਇਹ ਅਰਜੋਈ'॥"

Sri Satguru Jagjit Singh Ji Elibrary NamdhariElibrary@gmail.com

## " ਉਪਮਾਂ ਦਾ ਇਕ ਗੀਤ "

(ਗੀਤ ਨੰ: ਦਸ)

1 " ਆਇਆ ਅਰਸ਼ਾਂ ਤੋਂ ਸਿਰਜਣਹਾਰ, ਓਹਦੇ ਜੇਹਾ ਹੋਰ ਕੋਈ ਨਾ "
ਹੋਇਆ ਘਰ ਘਰ ਮੰਗਲਚਾਰ, ਓਹਦੇ ਜੇਹਾ ਹੋਰ ਕੋਈ ਨਾ " ਆਇਆ ਅਰਸ਼ਾਂ......"

2 " ਵਡ ਪਰਤਾਪੀ ਜੀ ਦਾ ਰਾਜ ਦੁਲਾਰਾ ਏ " ਮਾਤ ਭੁਪਿੰਦਰ ਜੀ ਦੀ ਅੱਖੀਆਂ ਦਾ ਤਾਰਾ ਏ "
ਮਿਲ ਗਾਂਵਦੇ ਨੇ ਸਭ ਨਰ ਨਾਰ, ਓਹਦੇ ਜੇਹਾ ਹੋਰ ਕੋਈ ਨਾ " ਆਇਆ ਅਰਸ਼ਾਂ......."

3 " ਧਾਰਕੇ ਦੇਹ ਮਨੁੱਖ ਰੂਪ ਆਇਆ ਭਗਵੰਤ ਏ, ਮੁਕਤ ਅਨੰਦ ਦਾ ਦਾਨ ਪਾਇਆ ਜਿਧੇ ਸੰਤ ਏ "
ਜਗ ਵੇਖੋ ਨੇ ਕੀਤਾ ਉਧਾਰ . ਓਹਦੇ ਜੇਹਾ ਹੋਰ ਕੋਈ ਨਾ " ਆਇਆ ਅਰਸ਼ਾਂ......."

4 " ਅੱਖਾਂ ਵਿਚ ਪਾ ਅੱਖੀਂ ਜੀਹਨੂੰ ਏਹਨੇ ਤੱਕਿਆ, ਗੇੜ ਚੁਰਾਸੀ ਵਾਲਾ ਓਹਦਾ ਜਾਵੇ ਮੁੱਕਿਆ "
ਉੱਚੀ ਚਾਹ ਕਰ ਕਰੇ ਇਹ ਪੁਕਾਰ, ਓਹਦੇ ਜੇਹਾ ਹੋਰ ਕੋਈ ਨਾ " ਆਇਆ ਅਰਸ਼ਾਂ......"

5. " ਘਰ ਘਰ ਵਿਚ ਅੱਜ ਏਹਦੀ ਵਡਿਆਈ ਏ, ਏਸਦੀ ਸੁਗੰਧ ਸਾਰੇ ਦੇਸ ਵਿਚ ਛਾਈ ਏ " (ਸੁਗੰਧਾ)
ਗੀਤ ਗਾ ਰਿਹਾ ਸਾਰਾ ਸੰਸਾਰ, ਓਹਦੇ ਜੇਹਾ ਹੋਰ ਕੋਈ ਨਾ " ਆਇਆ ਅਰਸ਼ਾਂ......"

6 " ਸਾਜ਼ ਉਤੇ ਰਾਗ ਜਦੋਂ ਛੇੜਦਾ ਪਿਆਰ ਦੇ, ਮਸਤੀ ਦੇ ਵਿਚ ਮਸਤ ਹੋਕੇ ਹੁਲਾਰੇ ਮਾਰਦੇ "
ਹੁੰਦੀ ਚੌਹਾਂ ਵਿਚ ਜੈ ਜੈ ਕਾਰ, ਓਹਦੇ ਜੇਹਾ ਹੋਰ ਕੋਈ ਨਾ "
' ਆਇਆ ਅਰਸ਼ਾਂ ਤੋਂ ਸਿਰਜਣਹਾਰ, ਓਹਦੇ ਜੇਹਾ ਹੋਰ ਕੋਈ ਨਾ "

Sri Satguru Jagjit Singh Ji Elibrary NamdhariElibrary@gmail.com

## "ਗੁਰੂ ਚਰਨਾਂ ਦੀ ਧੂੜੀ"

(ਗੀਤ ਨੰ: ਗਿਆਰਾਂ)

1. ਮੇਰੇ ਗੁਰੂ ਚਰਨਾਂ ਦੀ ਧੂੜੀ, ਆਸਾ ਕਰਦੀ ਏ ਪੂਰੀ॥ ਆਸਾ ਕਰਦੀ ਏ ਪੂਰੀ, ਜਿਸ ਜਿਸ
ਪੱਲੜਾ ਫੜਿਆ ਤਰਿਆ, ਸਤਿਗੁਰ ਤੋਂ ਬਲ ਜਾਈਏ॥ ਮੇਰੇ ਗੁਰੂ ਚਰਨਾਂ ਦੀ ਧੂੜੀ॥

2. ਜਿਸ ਮਸਤਕ ਨੂੰ ਏਹ ਛੁਹ ਜਾਵੇ॥ ਜੋ ਇੱਛੇ ਸੋਈ ਫਲ ਪਾਵੇ॥
ਜਿਸ ਤਨ ਲਾਗੀ ਸੋ ਵਡਭਾਗੀ॥ ਜਨਮ ਜਨਮ ਦੀ ਸੋਈ ਜਾਗੀ॥
ਏਹ ਧੂੜੀ ਨਹੀਂ, ਹੈ ਨੂਰੀ॥ ਆਸਾ ਕਰਦੀ ਏ ਪੂਰੀ॥ ਆਸਾ ਕਰਦੀ ਏ ਪੂਰੀ, ਜਿਸ ਜਿਸ.......॥

3. ਜੋ ਧੂੜੀ ਦਾ ਕਰੇ ਇਸ਼ਨਾਨ॥ ਉਸਦੇ ਮਨ ਤੋਂ ਉਤਰੇ ਗੁਮਾਨ॥
ਇਸ ਧੂੜੀ ਨੂੰ ਤਰਸਨ ਦੇਵ॥ ਸਦਾ ਸਦਾ ਕਰ ਇਸ ਦੀ ਸੇਵ॥
ਦੂਰ ਕਰੇ ਕਰਦੀ ਦੂਰੀ॥ ਆਸਾ ਕਰਦੀ ਏ ਪੂਰੀ॥ ਆਸਾ ਕਰਦੀ ਏ ਪੂਰੀ, ਜਿਸ ਜਿਸ ਪੱਲੜਾ ਫੜਿਆ........॥

4. ਜਿਸ ਦਾ ਇਸਦੇ ਨਾਲ ਪਿਆਰ॥ ਓਹ ਭਵਜਲ ਤੋਂ ਉਤਰੇ ਪਾਰ॥
ਜੋ ਇਸਦੀ ਕਰਦੇ ਅਰਦਾਸ॥ ਕਾਰਜ ਹੋਵਨ ਉਸਦੇ ਰਾਸ॥ "ਨਗਰ ਸਕੇਤ ਮੰਡੀ ਵਿਚ ਰਹਿੰਦੀ, ਕਮਾ ਹਰੀ ਮਾਈ॥
ਵਡਭਾਗੀ ਸਤਿਗੁਰ ਜੀ ਦੇ ਚਰਨਾਂ ਦੀ ਸੇਵਾਦੀ॥ ਇੱਕ ਦਿਨ ਧੂੜੀ ਸਿਰ ਤੇ ਪਾਈ, ਫੁੱਲ ਜਾਵੇ ਮਨ ਦੇ ਖੁੱਲ੍ਹਿਆ॥ ਤਦ ਪ੍ਰੇਮ ਦੀ ਜਾਗ ਲੱਗੀ ਉਸ
ਨੈਣ ਨੀਰ ਵਹਾ ਤੁਰਿਆ॥ ਦਾਸ ਨਪਲੀ ਮੈਂ ਵਡਭਾਗ, ਜੇ ਕਰ ਚਰਨ ਛੁਹਾਵੇ, ਮੇਰੇ ਦਿਲ ਦੀ ਧੜਕਨ ਸੁਣੇ, ਆਦੇਸ਼ ਲਗਾਵੇ॥
ਏਧਰ ਤਾਰ ਪ੍ਰੇਮ ਦੀ ਖੜਕੀ, ਓਧਰ ਵਡਭਾਗਣੀ॥ ਕ੍ਰਿਪਾ ਕਰਦਿਆਂ ਕਰੋ ਜਾਂ ਚਰਨ, ਪਹੁੰਚੇ ਆਨ ਸੁਤਾਵੀ॥

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

## "ਪਿਛਲੇ ਪੰਨੇ ਦੀ ਬਾਕੀ"

"ਮਾਏਂ ਲੱਖਿਏਂ ਦੇਹ ਪਰਸ਼ਾਦ, ਭੁੱਖ ਲੱਗੀ ਹੈ ਬਹੁਤੀ ॥"
ਇੱਥੇਂ ਸੁਆਇਆਂ ਇਸਦੀ ਖਬਰ, ਤਾਰਸਦੇਂ ਦੀ ਖਹੁਤੀ ॥
ਬਾਰ ਬਾਰ ਮੂੰਹੇਂ ਪੰਨ ਜਾਗਿੰਦੀ, ਪੂਰੀ ਕਰਦੇ ਆਸ ॥
ਕਦੋਨ ਸ਼ਾਹ ਬਿਰਖਾ ਸੈਂਦੇ, ਸੀਤੀ ਤੈਂਦੇ ਅਰਦਾਸ ॥"
"ਜੋ ਕਰਦੇ ਇਸਦੀ ਅਰਦਾਸ ॥ ਕਾਰਜ ਉਸਦੇ ਹੋਵਨ ਰਾਸ ॥"
ਸੁਖ ਮਨਦੇ ਮਿਲਨ ਜ਼ਰੂਰੀ ॥ ਆਸਾ ਕਰਦੀ ਏ ਪੂਰੀ ॥ ਆਸਾ ਕਰਦੀ ਏ ਪੂਰੀ ॥
ਜਿਸ ਜਿਸ ਪਰਸ਼ਾ ਬਖਸ਼ਿਆ ਤਰਿਆ, ਸਤਿਗੁਰ ਤੋਂ ਬਲ ਜਾਈਏ ॥

ਮੇਰੇ ਗੁਰੂ ਚਰਨਾਂ ਦੀ ਧੂੜੀ ॥
ਮੇਰੇ ਗੁਰੂ ਚਰਨਾਂ ਦੀ ਧੂੜੀ ॥

Sri Satguru Jagjit Singh Ji Elibrary NamdhariElibrary@gmail.com

# "ਵਿੱਛੜੇ ਪ੍ਰੀਤਮ ਦੀ ਯਾਦ"

(ਗੀਤ ਨੰ: ਚਾਰ)

## "ਰੁਬਾਈ"

"ਭਾਦਰੋਂ ਭਾ ਵਿਛੋੜੇ ਵਾਲੀ, ਸੀਨੇ ਵੱਜੀ ਕਟਾਰੀ॥
ਪਿੰਜਰੇ ਦੀ ਰਗ ਸੋਧੀ ਜਦ, ਪ੍ਰੀਤਮ ਲਾਈ ਉਡਾਰੀ॥
ਯਾਦ ਓਹਦੀ ਵਿੱਚ ਤੜਪਨ, ਰੋਣ, ਪਾ ਗਿਐ ਸਾਡੇ ਪੱਲੇ॥
ਗ਼ਮ ਰਹੀ ਚਾਰੀ ਜੀਵਨ ਨੂੰ, ਯੁਗ ਯੁਗ ਚਲ ਚੰਗਿਆਰੀ॥"

"ਭਾਦਰੋਂ ਦਾ ਮਹੀਨਾ ਸੀਨ, ਭੁੰਨ ਭੁੰਨ ਖਾਵੇ॥ ਵਿਛੜੇ ਪ੍ਰੀਤਮ ਦੀ ਪਈ ਯਾਦ ਸਤਾਵੇ॥ (ਪਈ ਤੜਪਾਵੇ)"
'ਏਸੇ ਹੀ ਮਹੀਨੇ ਸਾਥੋਂ, ਸਾਰੀ ਸਭਾ ਖੋਹ ਲਿਆ॥ ਸੁਖਦਾਇਕ ਸਾਰਾਂ ਵਾਲਾ ਸਦਾ ਲਈ ਛੁਹ ਗਿਆ॥
ਬਿਰਹੋਂ ਵਾਲਾ ਤੀਰ ਚਲਿਆ, ਕਾਲਜਾ ਜਲਾਵੇ॥ ਚੈਨ ਨਾ ਆਵੇ॥ ਭਾਦੋਂ ਦਾ ਮਹੀਨਾ ..........॥'
'ਕੀ ਕੀ ਮੈਂ ਗੱਲ ਦੱਸਾਂ, ਨੀਤ ਸਤਿ ਪਿਆਰ ਦੀ॥ ਦੁਖੀਆਂ ਦੇ ਲਈ ਕੀਤੇ ਤਿਨਾਂ ਉਪਕਾਰ ਦੀ॥
ਅੱਖੀਆਂ ਚੋਂ ਹੰਝੂਆਂ ਦੀ, ਧਾਰ ਵਗਦੀ ਜਾਵੇ॥ ਰੁਕਣ ਨ ਪਾਵੇ॥ ਭਾਦੋਂ ਦਾ ਮਹੀਨਾ ..........॥'
'ਸਾੜਿਆਂ ਨੂੰ ਸਦਾ ਓਹਨੇ ਗਲ ਨਾਲ ਲਾ ਲਿਆ॥ ਜਿਸੀ ਧਨ ਦੇਕੇ ਨਾਲੇ ਉਠਿਆ ਉਠਾ ਲਿਆ॥
ਦੱਸਿਆ ਹੀ ਪ੍ਰਕਾਸ਼ ਦੇ ਸਿਖਾਨ ਜਾਵੇ, ਗਾਫਲ ਆਵੇ॥ ਭਾਦੋਂ ਦਾ ਮਹੀਨਾ ..........'
'ਢੂੰਡੇ ਭਾਗਾਂ ਵਾਲੀ ਮਾਤਾ ਜੀਵਨ ਦਾ ਓਹ ਚੰਨ ਸੀ॥ ਦੇਖ ਓਹਦੀ ਕੀਰਤੀ ਨੂੰ ਸਾਰੇ ਕਹਿੰਦੇ ਧੰਨ ਸੀ॥
ਓਹਦੇ ਜੇਹਾ ਹੋਰ ਕੋਈ, ਨਜ਼ਰ ਨ ਆਵੇ, ਨਾ ਕੋ ਮਨ ਭਾਵੇ॥ ਭਾਦਰੋਂ ਦਾ ਮਹੀਨਾ॥"

"ਭਾਦਰੋਂ ਦਾ ਮਹੀਨਾ"

(ਗੀਤ ਨੰ. ਤੇਰਾਂ)

'ਚੜ੍ਹਿਆ ਭਾਦਰੋਂ ਮਹੀਨਾ ਵੇ'
ਪ੍ਰੀਤਮ ਦੂਰ ਨੀ ਗਏ, ਹੁਣ ਕਾਹਦਾ ਜੀਣਾ ਵੇ "
'ਰੋਗ ਤਾਂ ਦੁੱਖਾਂ ਦੀ ਕਹਾਣੀ ਏ'
ਹੰਝੂ ਪਏ ਕਿਰਦੇ ਨੇ, ਦੱਸੀ ਜਾਏ ਨਾ ਜ਼ੁਬਾਨੀ ਏ "
'ਦੁੱਖ ਕਿਸ ਨੂੰ ਸੁਣਾਵਾਂ ਮੈਂ'
ਦਰਦ ਵਿਛੋੜੇ ਦਾ, ਜਾ ਕੇ ਕਿਸ ਨੂੰ ਸੁਣਾਵਾਂ ਮੈਂ "
'ਦੱਸਾਂ ਕੀ ਮੈਂ ਪ੍ਰੀਤ ਦੀਆਂ'
ਜਾਦਾਂ 'ਚਿ ਦਿਨ ਲੰਘਦਾ, ਰਾਤਾਂ ਤਾਰੇ ਗਿਣ ਬੀਤਦੀਆਂ "
'ਉਹ ਸੀ ਰੁੱਤ ਪਿਆਰਾਂ ਦੀ'
ਉਸ ਦੀ ਤੱਕਣੀ ਚੋਂ, ਖੁਸ਼ੀ ਮਿਲਦੀ ਸਧਰਾਂ ਦੀ "
'ਚੰਨ ਮੁੱਖੜਾ ਛੁਪਾ ਨੀ ਗਿਆ'
'ਵਡ-ਪਰਤਾਪੀ' ਮੇਰਾ, ਸਦਾ ਲਈ ਹੋ ਜੁਦਾ ਨੀ ਗਿਆ "

Sri Satguru Jagjit Singh Ji Elibrary NamdhariElibrary@gmail.com

## "ਮੁੜ ਮੁੜ ਆਵੇ ਔਜ ਓਹ ਜਾਣ"

( ਨੈਂ ਚਰ ਚੰਦਾਂ )

1. "ਮੁੜ ਮੁੜ ਆਵੇ ਔਜ ਓਹ ਜਾਣ"
ਜੀਵਨ ਦੇਣ ਵਾਲੀ ਓਹ ਜਾਣ"
ਜਾਣ ਚਾਹੀ ਇਹ ਜਿਗਰ ਦਾ ਟੋਟਾ"
ਪੈ ਗਿਆ ਅਚਨਚੇਤ ਵਿਛੋੜਾ"
'ਜੀਵਨ ਮਾਤਾਂ ਦਾ ਓਹ ਚੈਨ"
ਸਾਰੇ ਆਖਣ ਉਸਨੂੰ ਧੰਨ"
ਅਰਸ਼ੋਂ ਉਤਰਿਆ ਸੀ ਇਕ ਨੂਰ"
ਹਨੇਰਾ ਧਰਮ ਦਾ ਹੋਇਆ ਦੂਰ"
ਨਿੰਮ੍ਹੀ ਨਿੰਮ੍ਹੀ ਹੋਈ ਫੁਹਾਰ"
ਆਇਆ ਜੱਗ ਸਿਰਜਣਹਾਰ"
ਭੈਣੀ ਦੇ ਵਿੱਚ ਖੁਸ਼ੀਆਂ ਆਈਆਂ"
ਸੌਰਾਂ ਰੌਜ਼ ਰੌਜ਼ ਧੈਲਾਂ ਪਾਈਆਂ"
ਆਖਣ ਇਸਨੂੰ 'ਬੰਦੀ-ਛੋੜ"
ਦਿਤੇ ਇਸਨੇ ਸੰਗਲ ਤੋੜ"
ਰੂਪ ਨਾਰਾਇਣ ਆਇਆ ਆਪ"
ਇਸਦੇ ਤੇਜ਼ ਵਿੱਚ ਵਡ ਪਰਤਾਪ" "

2. "ਉਸਦੇ ਕਵਣ ਕਵਣ ਗੁਣ ਗਾਵਾਂ"
ਕੀਹ ਮਨ ਦੀਆਂ ਸਧਰਾਂ ਲਾਹਵਾਂ"
ਸਾਰੀ ਕਲਮ ਧਰੇ ਧਰਨ ਵਾਹਿ"
ਤਉ ਭੀ ਮਹਿਮਾ ਲਿਖਨ ਨ ਜਾਇ"
ਕੋਟੀਤਿਸ ਤਪੱਸਿਆ ਭਾਰੀ"
ਨਾਮ ਜਪਾਇਆ ਨਰ ਤੇ ਨਾਰੀ"
ਸਤਿਗੁਰ ਜੀ ਦਾ ਇਹ ਫੁਰਮਾਨ"
ਗੁਰਮੁਖ ਨਾਮ ਦਾਨ ਇਸ਼ਨਾਨ"
ਉਸਨੇ ਨਾਮ ਦਾ ਛਿੜਕਿਆ ਕੇਸਰ"
ਰੰਗੇ ਗਏ ਇਸ ਵਿਚ ਕਈਂ ਕੇਸਰਾਂ"
'ਰਹਿੰਦੇ ਮਗਨ ਸਦਾ ਵਿਚ ਸਿਮਰਨ"
ਫਿਰ ਲਗਨ ਲਗੀ 'ਹਰਿ ਦਰਸ਼ਨਾਂ"
ਕਹਿੰਦੇ ਸਤਿਗੁਰੂ ਰਾਮ ਸਿੰਘ ਆਉਣ"
ਭੁੱਲਿਆਂ ਨੂੰ ਮੁੜ ਰਾਹੇ ਪਾਉਣ"
ਸੱਚੇ ਦਰਸ਼ਨ ਦੀ ਸੀ ਮੰਗ"
ਚੜ੍ਹਿਆ ਨੂਰ ਸਵਾਇਆ ਰੰਗ"

(ਚਾਲੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

(ਪਿਛਲੇ ਪੰਨੇ ਦੀ ਬਾਕੀ)

ਉਸਨੇ ਘਰ ਘਰ ਹੁਕਮ ਪੁਚਾਏ ॥
ਲੱਖਾਂ ਪਾਠ ਦੇ ਭੋਗ ਪਵਾਏ ॥
ਕਈ ਹੋਮ ਦੇ ਜੱਗ ਕਰਵਾਏ ॥
'ਕਹਿੰਦੇ' ਸਤਿਗੁਰ ਆਏ ਕਿ ਆਏ ॥

<——————o——————>

3 ਉਸਦੇ ਅੰਦਰ ਸੀ ਇਕ ਦਰਦ ॥
ਉਹ ਇਕ ਸੱਚਾ ਸੁੱਚਾ ਮਰਦ ॥
ਨਾਮ ਨਾਮ ਲੇਵਾ ਉਸ ਸੰਦੇ ॥
ਸਾਰੇ ਚੰਗੇ ਕੋਈ ਨਾ ਮੰਦੇ ॥
ਪ੍ਰੇਮ ਲਗਨ ਦੀ ਦੱਸੀ ਜਾਚ ॥
ਹਿੰਦੂ ਮੁਸਲਿਮ ਸਿੱਖ ਮਿਲਾਪ ॥
ਦੱਸੀ ਉਹ ਪੁਰਾਤਨ ਰੀਤ ॥
ਜੀਉਂਦਾ ਰਹੇ ਸਦ ਸੰਗੀਤ ॥
ਸਭੇ ਭੈਣੀ ਸਾਹਿਬ ਆਏ ॥
ਸਭ ਨੇ ਮਨ ਭਾਉਂਦੇ ਫਲ ਪਾਏ ॥
ਕਿਸੇ ਨੂੰ ਘੋੜੀ ਤੇ ਕਿਸੇ ਨੂੰ ਸੰਢ ॥
ਕਿਸੇ ਨੂੰ ਪੱਗ ਤੇ ਸਾਹਿਬਿਆਂ ਦਾ ਰੱਜ ॥

ਸੰਗਤਾਂ ਦੇ ਮਨ-ਮੀਤ ਪਿਆਰੇ ॥
ਉਹ ਸਨ ਬਖ਼ਸ਼ਸ਼ ਦੇ ਭੰਡਾਰੇ ॥
ਫਿਰਦੇ ਰਹੇ ਉਹ ਦੇਸ਼ ਵਿਦੇਸ਼ ॥
ਦਿੰਦੇ ਰਹੇ ਉਹ ਸਦ ਉਪਦੇਸ਼ ॥
ਅਪਨੇ ਅੰਦਰ ਪਾਈ ਝਾਤ ॥
ਸਤਿਗੁਰ ਜਿੰਨੀ ਵੰਡੀ ਦਾਤ ॥
ਜੇਹੜਾ ਦਰ ਤੇ ਆਏ ਸਵਾਲੀ ॥
ਏਥੋਂ ਜਾਏ ਨ ਮੁੜਿਆ ਖ਼ਾਲੀ ॥
ਸਭ ਦੀ ਭਰ ਦਿੱਤੀ ਉਸ ਝੋਲੀ ॥
ਬੋਲੀ ਬਖ਼ਸ਼ਸ਼ ਦੀ ਉਸ ਬੋਲੀ ॥
ਦਰ ਫਿਰਦੇ ਲੱਖ-ਪਤੀ ਬਣਾਏ ॥
ਨਿਓਟਿਆਂ ਤੋਂ ਉਸ ਚੰਗਾ ਲੇਖ ਪਵਾਏ ॥
ਕੋਝਾਂ-ਦੰਦੀਆਂ ਨੂੰ ਦਿੱਤੇ ਪੁੱਤਰ ॥
ਜਿਸ ਵੇਲ ਸਾਹਿਬ ਕਲ੍ਹ, ਉਸ ਨੂੰ ਮੰਤਰ ॥
ਇਹ ਸਤਿਗੁਰੂ ਜੀ ਦਾ ਪਰ-ਉਪਕਾਰ ॥
ਜਿਸਦਾ ਕੋਈ ਨ ਪਾਰਾਵਾਰ ॥

<——————o——————>

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

(ਪਿਛਲੇ ਪੰਨੇ ਦੀ ਬਾਕੀ)

4. "ਮਹੀਨਾ ਭਾਦਰੋਂ ਦਾ ਜੀ ਆਇਆ॥
ਭੈਣੀ ਸਾਹਿਬ ਜੱਗ ਰਚਾਇਆ॥
ਸਾਰੇ ਰਲ ਮਿਲ ਏਥੇ ਆਵੇ॥
ਸਤਿਗੁਰ ਜੀ ਦੀ ਯਾਦ ਮਨਾਵੇ॥
'ਸਤਿਜੁਗ' ਰਾਹੀਂ ਇਹ ਸੰਦੇਸ਼॥
ਪਹੁੰਚਾ ਘਰ ਘਰ ਦੇਸ ਬਦੇਸ਼॥
ਦੂਰ ਪਏ ਕਈ ਕਰਨ ਲਈ ਦਰਸ਼ਨ॥
ਸਾਥੋ ਪੂਜ ਲਗੇ ਹਰਿ ਚਰਨਨ॥
ਮਨ ਵਿਚ ਹੋਰ ਤੇ ਹੋ ਗਈ ਹੋਰ॥
ਜਿਸ ਅੱਗੇ ਨਾ ਕਿਸੇ ਦਾ ਜ਼ੋਰ॥
ਪੰਜ ਠੇ ਦੀ ਅੰਧੀ ਰਾਤ॥
ਸੁਕ ਗਈ ਖੁਸ਼ੀਆਂ ਦੀ ਬਰਸਾਤ॥
ਸੁਣ ਸੁਣ ਯਾਦ ਪਜ਼ੀ ਓਹ ਆਵੇ॥
ਸੀਨਾ ਲੂਕਦਾ ਲੂਕਦਾ ਜਾਵੇ॥
ਆਉਂਸ ਭੀ ਉਸ ਵਲ ਚੰਕੋਰ॥
ਦੂਰ ਪਏ ਚੁਪ ਚੁਪੇ ਚਕੋਰ॥
ਇਹ ਹੈ ਉਸਦਾ ਸੱਚਾ ਭਾਵ॥
ਜਿਥੇ ਸਤਗੁਰ ਸੀਸ ਨਿਵਾਵ॥"

5. "ਭੈਣੀ ਸਾਹਿਬ ਦੇ ਓਹ ਮੰਦਰ॥
ਜਿਥੇ ਬਹਿੰਦੇ ਸਾਹਿਬ ਸੁੰਦਰ॥
ਸੂਹੇ ਹੋ ਗਏ ਅੱਜ ਓਹ ਸਾਰੇ॥
ਬਾਝੋਂ 'ਦਰਸ਼ਨ-ਪਰਤਖ' ਪਿਆਰੇ॥
ਓਹ ਤਾਂ ਦੂਰ ਗਏ ਸਾਥੋਂ ਦੂਰ॥
ਛਾਇਆ ਉਸ ਦਾ ਹਰ ਥਾਂ ਨੂਰ॥
ਜੋਤ ਓਹ ਪਰਤੱਖ ਹੈ ਹੋਰ॥ ਜਿਸਨੇ ਪਕੜੀ ਸਾਡੀ ਡੋਰ॥
ਇਹ ਹੈ ਸ੍ਰੀ ਸਤਿਗੁਰੂ ਜਗਜੀਤ॥ ਵਸੀਓ ਇਸ ਦਿਲ ਵਿਚ ਪਰਤੀਤ॥
ਇਹੀ ਦਿਲ ਦੀ ਇਕ ਉਮੰਗ॥ ਚੜ੍ਹਿਆ ਰਹੇ ਸਦਾ ਇਹ ਰੰਗ॥
ਸਿੱਖੀ ਸਿੱਖੀ ਉਮਚੀ ਜਾਏ॥ ਜੀਵਨ ਦੇਣ ਵਾਲੀ ਓਹ ਜਾਏ॥
ਹਰਦਮ ਜਾਏ ਰਬੇ ਓਹ ਯਾਦ॥
ਭੁਲਨ ਵਾਲੀ ਨਹੀਂ ਓਹ ਯਾਦ॥
ਮੁੜ ਮੁੜ ਆਵੇ ਅੱਜ ਓਹ ਯਾਦ॥
ਮੁੜ ਮੁੜ ਆਵੇ ਅੱਜ ਓਹ ਯਾਦ॥"

## "ਜੋਤ ਜਗਾਵਾਂ ਦਿਨ ਰਾਤ"

(ਗੀਤਕਾਰ: ਧੀਰਾਂ)

"ਤੈਂ ਬਿਨ ਜੀਵਨ ਕਾਹਦਾ ਜੀਵਨ, ਪਾਵੇਂ ਜੇ ਨ ਝਾਤ।
ਸਭ ਕਿਛੁ ਸੁੰਞਾ ਸੁੰਞਾ ਜਾਪੇ, ਕੋਇ ਨ ਪੁਛੇ ਵਾਤ।
ਤੇਰੀ ਨਦਰ ਜੇ ਹੋਇ ਸਵੱਲੀ, ਲੱਖ ਖੁਸ਼ੀਆਂ ਮਨ ਚਾਉ,
ਮਨ ਮੰਦਰ ਵਿਚ ਜੋਤੀ ਤੇਰੀ, ਜਗੀ ਰਹੇ ਦਿਨ ਰਾਤ।"

1. "ਦਾਤਾ! ਤੇਰੀ ਜੋਤ ਮੈਂ ਜਗਾਵਾਂ ਦਿਨੇ ਰਾਤ। ਸਤਿਗੁਰੂ ਜਗਜੀਤ ਨੂੰ ਧਿਆਵਾਂ ਦਿਨੇ ਰਾਤ।"
ਦਾਤਾ! ਤੇਰੀ ਜੋਤ ਮੈਂ..............

2. "ਮੰਦਰ ਸਰੂਪ ਤੇਰਾ ਅੱਖੀਆਂ ਨੂੰ ਭਾ ਗਿਆ। ਸੱਚੀ ਪ੍ਰੀਤਿ ਉਤਰ ਮੇਰੇ ਸੀਨੇ 'ਚ ਸਮਾ ਗਿਆ।"
'ਆਰਤੀ ਉਤਾਰਾਂ ਦਿਨ ਵੇਲੇ ਪਰਭਾਤ।' ਦਾਤਾ! ਤੇਰੀ ਜੋਤ ਮੈਂ.............."

3. "ਨੈਣਾਂ ਨੇ ਅਚਾਨਕ ਝਾਕੀ ਤੇਰੇ ਮਿਠੇ ਚਿਹਰੇ ਦੀ। ਸੁਧ ਬੁੱਧ ਭੁੱਲੀ ਫਿਰਾਂ ਚੜ੍ਹੀ ਹੋਈ ਦੇਖਣੀ।"
'ਹਰਦਮ ਪੈਂਦੀ ਰਹੇ ਮੈਨੂੰ ਤੇਰੀ ਝਾਤ।' ਦਾਤਾ! ਤੇਰੀ ਜੋਤ ਮੈਂ.........."

4. "ਸੰਗਾਂ ਏਹੋ ਮੰਗ ਇਕੋ ਤੇਰੇ ਨਾਲ ਪ੍ਰੀਤ ਹੋਵੇ। ਤੇਰੇ ਬਿਨਾਂ ਕਿਸੇ ਤੇ ਨਾ ਹੋਰ ਪਰਤੀਤ ਹੋਵੇ।"
'ਨਾਮ ਦੀ ਖੁਮਾਰੀ ਚੜ੍ਹੀ ਰਹੇ ਦਿਨ ਰਾਤ।' ਦਾਤਾ! ਤੇਰੀ ਜੋਤ ਮੈਂ.........."

5. "ਗੁਰੂ ਪਰਤਾਪ ਜੀ ਦੀ ਅੱਖੀਆਂ ਦਾ ਨੂਰ ਵੇ। ਮਾਤ ਭੂਪਿੰਦਰ ਜੀ ਦਾ ਹੀਰਾ ਕੋਹਿਨੂਰ ਵੇ।"
'ਚਰਨਾਂ ਦੀ ਭੇਟ 'ਦਿਲ' ਕਰਾਂ ਇਹ ਸੁਗਾਤ।' ਦਾਤਾ! ਤੇਰੀ ਜੋਤ ਮੈਂ ਜਗਾਵਾਂ ਦਿਨੇ ਰਾਤ।"

Sri Satguru Jagjit Singh Ji Elibrary NamdhariElibrary@gmail.com

"ਭੈਣੀ ਦੇ ਬੋਹੜਾਂ ਤੇ ਰਹਿੰਦੇ ਪੰਛੀ"

(ਜੋੜ ਨੇ: ਮੇਲ੍ਹਾਂ) 'ਦੀ ਇਕ ਕਹਾਣੀ'

1. "ਭੈਣੀ ਦੇ ਬੋਹੜਾਂ ਤੇ ਰਹਿੰਦੇ, ਪੰਛੀ ਦੀ ਇਕ ਕਹਾਣੀ"
ਅੰਮ੍ਰਿਤ ਵੇਲੇ ਨਿੱਤ ਉਹ ਉਠਕੇ, ਸੁਣਦਾ ਕੀਰਤਨ ਬਾਣੀ""

2. "ਆਉਂਦੀ ਸੰਗਤ ਨੂੰ ਉਹ ਤੱਕੇ, ਵਾਰੀ ਸਦਕੜੇ ਜਾਂਦੀ"
ਸਤਿਗੁਰ ਜੀ ਦੇ ਚਰਨਾਂ ਤੇ ਜਾ, ਆਪਣੇ ਸੀਸ ਨਿਵਾਂਦੀ""

3. "ਕਾਸ਼ ਮੈਂ ਭੀ ਇਸਦੇ ਵਿਚ ਜੰਮਦਾ, ਮਾਨਸ ਜਨਮ ਮੇਰਾ ਹੁੰਦਾ"
ਮੈਂ ਵੀ ਪ੍ਰੀਤਮ ਜੀ ਦੇ ਚਰਣੀਂ, ਜਾ ਕੇ ਸੀਸ ਨਿਵਾਉਂਦਾ""

4. "ਇਕ ਦਿਨ ਆਸਣ ਤੋਂ ਉਠਕੇ ਜਦ, ਪ੍ਰੀਤਮ ਕਰੀ ਤਿਆਰੀ"
ਇਕ ਪਹੁੰਚੇ ਵਿਚ ਚਰਨ ਦਰਵਾਜ਼ਾ, ਅਚਰਜ ਖੇਲ ਦਿਖਾਰੀ""

5. "ਉਹ ਪੰਛੀ ਉਡਕੇ ਝੱਟ ਆਇਆ, ਉਸ ਚਰਣ ਲਪਟਾਜਾ"
ਪਾਸ ਖੜ੍ਹੀ ਸੰਗਤ ਦਾ ਮਨ, ਵਿਚ ਵਿਸਮਾਦਤਾ ਛਾਜਾ""

6. "ਕਹਿਣ ਲੱਗੇ ਸਾਡੇ ਨਾਲੋਂ ਏਹ, ਪੰਛੀ ਜਨਮ ਚੰਗੇਰਾ"
ਕੀਤੂ ਚਰਨ-ਧੂੜ ਮੁਖ ਲਾਕੇ, ਜਾ ਵਿਚ ਸੁਖ ਘਨੇਰਾ""

Sri Satguru Jagjit Singh Ji Elibrary NamdhariElibrary@gmail.com

# "ਮੇਰਾ ਭੈਣੀ ਵਾਲਾ"

(ਜਿਨ੍ਹ ਨੇ ਮਤਾਰਾਂ)

1. "ਮਾਤਾ ਸਦਾ ਕੌਰ ਜੀ ਦੀ ਅੱਖੀਆਂ ਦਾ ਤਾਰਾ॥ ਪਿਤਾ ਜੱਸਾ ਸਿੰਘ ਜੀ ਦਾ ਰਾਜ ਦੁਲਾਰਾ॥"
ਸਾਰੇ ਜੱਗ ਨਾਲੋਂ ਸੋਹਣਾ ਮੇਰਾ ਭੈਣੀ ਵਾਲਾ॥

2. "ਮਾਘ ਸੁਦੀ ਪੰਚਮੀ ਤੇ ਦਿਨ ਵੀਰਵਾਰ ਵੇ॥ ਜਗਤ ਦੇ ਮਾਲਕ ਭੈਣੀ ਲਿਆ ਅਵਤਾਰ ਵੇ॥
ਰੁੱਤ ਬਸੰਤ ਵੇਖੋ ਕਿੰਨੀ ਗੁਲਜ਼ਾਰ ਵੇ॥ ਝੂਮ ਝੂਮ ਗਾਂਵਦੇ ਨੇ, ਝੂਮ ਝੂਮ ਗਾਂਵਦੇ ਨੇ……….
ਆਇਆ ਪ੍ਰਤਿਪਾਲ, ਮੇਰਾ ਭੈਣੀ ਵਾਲਾ॥ ਮਾਤਾ ਸਦਾ ਕੌਰ………"

3. "ਬਾਗਾਂ ਤੇ ਬਹਾਰਾਂ ਅੱਜ ਸ੍ਰਿਸ਼ਟੀਆਂ ਨੇ ਲਾਈਆਂ॥ ਝੂਮ ਝੂਮ ਮੋਰਾਂ ਅੱਜ ਪੈਲਾਂ ਨੇ ਪਾਈਆਂ
ਮਾਤਾ ਸਦਾ ਕੌਰ ਜੀ ਨੂੰ ਮਿਲਨ ਵਧਾਈਆਂ॥ ਸਾਰੇ ਮਿਲ ਆਖਦੇ ਨੇ, ਸਾਰੇ ਮਿਲ ਆਖਦੇ
ਆਇਆ ਨੂਰ ਦਾ ਉਜਾਲਾ, ਮੇਰਾ ਭੈਣੀ ਵਾਲਾ॥ ਮਾਤਾ ਸਦਾ ਕੌਰ……….."

4. "ਖਿੜ ਗਈ 'ਬਸੰਤ-ਰਾਣੀ' ਫੁੱਲੀ ਨ ਸਮਾਂਵਦੀ॥ ਪੀਂਘਾਂ ਦੇ ਹੁਲਾਰੇ ਵਿਚ ਖੁਸ਼ੀਆਂ ਮਨਾਂਵਦੀ॥
ਮਨ ਮੋਹਣੇ ਗੀਤ ਹਰ ਇਕ ਨੂੰ ਸੁਣਾਂਵਦੀ॥ ਜੱਗ ਉੱਤੇ ਆ ਗਿਆ ਜੀ ਹਿੰਦ ਰਖਵਾਲਾ,
ਹਿੰਦ ਰਖਵਾਲਾ, ਮੇਰਾ ਭੈਣੀ ਵਾਲਾ॥ ਮਾਤਾ ਸਦਾ ਕੌਰ………. "

( ਬਾਕੀ ਅਗਲੇ ਪੰਨੇ ਤੇ )

Sri Satguru Jagjit Singh Ji Elibrary NamdhariElibrary@gmail.com

"ਪਿਛਲੇ ਪੰਨੇ ਦੀ ਬਾਕੀ"

5 "ਰੂਪ ਧਾਰ ਆਇਆ ਦੇਹ ਤਾਂ, ਆਪ ਅਕਾਲ ਜੀ",
ਰੰਨ ਜੋਆ ਕੂੜੀ ਸੁਖ, ਸੀਤਲ ਸਮਾਨ ਜੀ"
ਕਰਾਂ ਕੁਰਬਾਨ ਦੇਹ ਤੇਂ ਦੋਵੇਂ ਜਹਾਨ ਜੀ"
ਕੋਇਲ ਪਈ ਗਾਂਵਦੀ ਏ, ਕੋਇਲ ਪਈ ਗਾਂਵਦੀ ਏ.........,
ਏਹੋ ਹੈ ਗੰਨ੍ਹਦਾਲਾ, ਮੇਰਾ ਭੈਣੀ ਵਾਲਾ" ਮਾਤਾ ਸਦਾ ਕੌਰ.........""

6 "ਜਾਤਿ ਸੁਣ ਸੰਗਲ ਸਿੰਘਾ, ਆਇਆ ਅਜਮਾਨ ਜੀ"
ਅਵਾਜ਼ ਮਾਰ ਚਾਤੇ ਇਕ, ਨਾਮ ਵਾਲਾ ਦਾਨ ਜੀ"
ਸੁੱਧ ਬੁੱਧ ਭੁੱਲੀ ਹੋਇਆ ਆਤਮ ਨਿਸਚਲ ਜੀ"
ਚੀਨੀ ਘੋੜੀ ਭੇਟ ਕਰਕੇ, ਚੀਨੀ ਘੋੜੀ ਭੇਟ ਕਰਕੇ ..................
ਬਣਿਆ ਚੀਨੀ ਵਾਲਾ, ਮੇਰਾ ਭੈਣੀ ਵਾਲਾ"

"ਮਾਤਾ ਸਦਾ ਕੌਰ ਜੀ ਦੀ ਅੱਖੀਆਂ ਦਾ ਤਾਰਾ ਪਿਤਾ ਜੱਸਾ ਸਿੰਘ ਜੀ ਦਾ ਰਾਜ ਦੁਲਾਰਾ""
ਸਭੋ ਜੱਗ ਤਾਰੇ ਸੋਹਣਾ ਮੇਰਾ ਭੈਣੀ ਵਾਲਾ"

# "ਮਹਿਮਾ ਅਪਰ ਅਪਾਰ"

(ਗੀਤਕ: ਅਣਹਰਾਂ) ←——o——→

1\. "ਮੇਰੇ ਸਤਿਗੁਰ ਦੀ ਮਹਿਮਾ, ਅਪਰ ਅਪਾਰ ਜੀ ।।
ਅੰਤ ਨਾ ਪਾਇਆ ਕਹਿੰਦੇ ਵੇਦ ਪੁਕਾਰ ਜੀ ।।"
'ਮੇਰੇ ਸਤਿਗੁਰ ਦੀ.................

2\. "ਪੱਲੜਾ ਜਿਸ ਫੜਿਆ ਮੇਰੇ, ਗੁਰੂ ਪਰਤਾਪ ਦਾ ।।
ਦੁੱਖੜੇ ਮਿਟ ਜਾਂਦੇ ਉਸਦੇ, ਜੋਤ ਵੱਲ ਝਾਕਦਾ ।।
ਰਹਿਮਤ ਦਾ ਭਰਿਆ ਮੇਰਾ, ਦੀਨ ਦਇਆਲ ਜੀ ।।"
'ਮੇਰੇ ਸਤਿਗੁਰ ਦੀ.................

3\. "ਸੁੱਚ ਸੰਧ ਨਾਮ ਧਾਰੀ, ਦਇਆ ਦਾ ਭੰਡਾਰ ਸੀ ਓਹ ।।
ਦੁੱਖ ਸੁੱਖ ਵੇਲੇ ਖੜਿਆ, ਸੱਚਾ ਮਦਦ-ਗਾਰ ਸੀ ਓਹ ।।
ਦੁਖੀਆਂ ਦਾ ਦਰਦੀ ਮੇਰਾ, ਪਰਵਦ-ਗਾਰ ਜੀ ।।"
'ਮੇਰੇ ਸਤਿਗੁਰ ਦੀ.................

4\. "ਸਾਦਗੀ ਦਾ ਰਹਿਬਰ ਦਾਤਾ! ਤਿਆਗੀ ਮਹਾਨ ਸੀ ।।
ਜੀਵਾਂ ਨੂੰ ਉਠਾਲਾ ਦੇਂਦੀ, ਉੱਚੀ ਸੁੱਚੀ ਸ਼ਾਨ ਸੀ ।।
ਸਾਰਿਆਂ ਘਟਾਂ ਦੇ ਵਿਚ ਏਸ ਦਾ ਅਕਾਰ ਜੀ ।।"
'ਮੇਰੇ ਸਤਿਗੁਰ ਦੀ.................

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

(ਪਿਛਲੇ ਪੰਨੇ ਦੀ ਬਾਕੀ)

5. "ਵਡ-ਪਰਤਾਪੀ ਜਦੋਂ ਸਮਾਏ ਧੰਕੋਕ ਸੀ"
ਆਪਣੇ ਵੱਲ ਝਾਤੀ ਮਾਰੋ, 'ਕੀਹ ਸਾਡੇ ਕੋਲ ਸੀ'
ਏਹ ਹੈ ਸਾਰਾ ਸਭ, ਓਹਦਾ ਚਮਤਕਾਰ ਜੀ"
'ਮੇਰੇ ਸਤਿਗੁਰ ਦੀ ਮਹਿਮਾ ਅਪਰ ਅਪਾਰ ਜੀ"
ਅੰਤ ਨ ਪਾਇਆ ਕਰਿੰਦੇ, ਵੇਦ ਪੁਕਾਰ ਜੀ""

## "ਇਕ ਮੰਗ"

(ਗੀਤ ਨੰ. ਤ੍ਰੇਈ)

"ਪਰਤਾਪ ਗੁਰੂ ਦੀਆਂ ਸਿਫ਼ਤਾਂ ਦੇ, ਮੈਂ ਗੀਤ ਬਣਾਂਦਾ ਬਣਾਂਦਾ ਜਾਂ"
ਮੈਂ ਮੁਕ ਜਾਵਾਂ ਇਹ ਮੁੱਕ ਨ ਸਕਣ, ਮੈਂ ਨਿੱਤ ਸੁਣਾਂਦਾ ਸੁਣਾਂਦਾ ਜਾਂ""
"ਏਹਦੇ ਕੀਤੇ ਪਰਉਪਕਾਰ ਜੇਹੜੇ, ਓਹ ਜੱਗ ਵਿੱਚ ਰੌਸ਼ਨ ਹੋ ਜਾਵਣ"
ਨਾਲੇ ਇਸਦਾ ਜੋਗੀ ਜਪਾਂ ਤੇ ਰਹੇ, ਨਿੱਤ ਏਹੋ ਧਿਆਂਦਾ ਧਿਆਂਦਾ ਜਾਂ""
"ਦਿੱਤੇ ਇਸਦੇ ਉਪਦੇਸ਼ ਸੋਹਣੇ, ਮੇਰੇ ਹਿਰਦੇ ਅੰਦਰ ਵੱਸ ਜਾਵਣ"
ਜੀਵਨ ਦੇ ਬਾਕੀ ਸਵਾਸਾਂ ਨੂੰ, ਮੈਂ ਏਸੇ ਲਾਂਦਾ ਲਾਂਦਾ ਜਾਂ""
"ਜਦ ਜਾਣ ਲਗਾਂ ਮੈਂ ਸੁਪਨਿਆਂ ਵਿਚ, 'ਜਗਜੀਤ ਗੁਰੂ' ਪਰ ਆ ਜਾਵੇ"
ਏਹਦੇ ਸੁੰਦਰ ਕੋਮਲ ਚਰਨਾਂ ਤੇ, ਮੈਂ ਸੀਸ ਨਿਵਾਂਦਾ ਨਿਵਾਂਦਾ ਜਾਂ"

Sri Satguru Jagjit Singh Ji Elibrary NamdhariElibrary@gmail.com

## "ਦਰ ਤੇਰੇ ਆ ਗਿਆ"

(ਗੀਤ ਦੇ ਢੰਗ)

"ਤੇਰੇ ਦਰ ਤੇ ਜੇ ਮੈਂ ਇਹ ਸਿਰ ਨ ਝੁਕਾਂਦਾ॥ ਅਪਨੇ ਗੁਨਾਹ ਦੱਸ ਕਿਦਾਂ ਬਖਸ਼ਾਂਦਾ॥
ਮੇਹਰ ਦੀ ਨਿਗਾਹ ਜੇ ਮੇਰੇ ਤੇ ਨ ਤੂੰ ਪੈਂਦੀ॥ ਤਾਂ ਅਪਨਾ ਇਹ ਮੂੰਹ ਜਾਕੇ ਕਿਸ ਨੂੰ ਵਿਖਾਂਦਾ॥"

1 "ਦਰ ਤੇਰੇ ਆ ਗਿਆ ਮੈਂ ਬਣ ਕੇ ਭਿਖਾਰੀ॥ ਝੋਲੀ ਮੇਰੀ ਭਰ ਦੇ ਤੂੰ ਪਰ-ਉਪਕਾਰੀ॥
ਦਰ ਤੇਰੇ..........."

2 "ਗੰਢੜੀ ਗੁਨਾਹਾਂ ਦੀ ਮੈਂ, ਸਿਰ ਤੇ ਉਠਾਈ॥ ਤੇਰੇ ਚਰਨਾਂ ਤੇ ਦਾਤਾ! ਆਣ ਕੇ ਟਿਕਾਈ॥
ਮੋੜੀਂ ਨ ਖਾਲੀ ਤੂੰ ਹੈਂ, ਪਤਿਤ ਉਧਾਰੀ॥ ਝੋਲੀ ਮੇਰੀ ਭਰ ਦੇ..........."

3 "ਚਰਨਾਂ ਦੀ ਖ਼ਾਕ ਮੈਨੂੰ, ਮਸਤਕ ਤੇ ਲਾਨ ਦੇ॥ ਮੇਰੇ ਲਿਖੇ ਲੇਖ ਪੁੱਠੇ ਸਿੱਧੇ ਹੋ ਜਾਨ ਦੇ॥
ਕੱਟ ਦੇ ਕਰਮ ਲੀਕੀ, ਓਟ ਤਿਹਾਰੀ॥ ਝੋਲੀ ਮੇਰੀ ਭਰ ਦੇ..........."

4 "ਡੁੱਬਦੀ ਕਿਨਾਰਾ ਮੇਰੀ, ਜੀਵਨ ਦੀ ਨਈਆ॥ ਪਾਰ ਲੰਘਾ ਦੇ ਏਨੂੰ ਬਣ ਕੇ ਖਵੱਈਆ॥
ਬਿਰਦ ਪਛਾਨ ਰੱਖੀਂ, ਲੱਜਿਆ ਮੁਰਾਰੀ॥ ਝੋਲੀ ਮੇਰੀ ਭਰ ਦੇ..........."

5 "ਅਲਖਾਂ ਦੇ ਨਾਥ ਮੈਨੂੰ, ਇੱਕੋ ਤੇਰੀ ਆਸ ਵੇ॥ ਆ ਗਿਆ ਸ਼ਰਨ ਤੇਰੀ ਕਰੀਂ ਨ ਨਿਰਾਸ ਵੇ॥
ਬਿਗੜੀ ਬਨਾ ਦੇ ਮੇਰੀ, ਕਿਸਮਤ ਹਾਰੀ॥ ਝੋਲੀ ਮੇਰੀ ਭਰ ਦੇ..........."

6 "ਤੇਰੇ ਬਿਨਾਂ ਹੋਰ ਮੈਨੂੰ, ਕੋਈ ਨਹੀਂ ਸਹਾਰਾ॥ ਤੂੰ ਹੀਂ ਸਵਾਮੀ ਤੂੰ ਹੈਂ ਪ੍ਰਾਣ-ਅਧਾਰਾ॥
ਅਪਨਾ ਬਣਾ ਲੈ ਮੈਂ ਹਾਂ, ਤੇਰਾ ਪੁਜਾਰੀ॥ ਝੋਲੀ ਮੇਰੀ ਭਰ ਦੇ ਤੂੰ ਪਰਉਪਕਾਰੀ॥
ਦਰ ਤੇਰੇ ਆ ਗਿਆ ਮੈਂ॥"

Sri Satguru Jagjit Singh Ji Elibrary NamdhariElibrary@gmail.com

"ਗੁਰੂ ਗੁਰੂ ਗੁਰ ਜਪ ਮਨ ਮੋਰ॥"

(ਗੀਤ ਨੰ: ਇੱਕੀ)

1 "ਦਰਸ਼ਨ ਜਿਸਦਾ ਹੈ ਅਨਮੋਲ॥ ਜਿਸ ਸਮਾਨ ਨਹੀਂ ਕੋਈ ਹੋਰ॥
ਚਰਨਾਂ ਦੇ ਨਾਲ ਮਨ ਨੂੰ ਜੋੜ॥ ਗੁਰੂ ਗੁਰੂ ਜਪੁ ਗੁਰੂ ਮਨ ਮੋਰ॥"

2 "ਜਦ ਕੋਈ ਮੁਸ਼ਕਿਲ ਆਨ ਪਵੇ॥ ਚੌਫੇਰ ਦੁੱਖ ਦੇ ਘੇਰ ਪਵੇ॥
ਅਪਨੇ ਵੀ ਹੋ ਜਾਨ ਪਰਾਏ॥ ਹਰ ਪਾਸੇ ਅੰਧੇਰਾ ਛਾਏ॥
ਪਕੜ੍ਹ ਡੋਰੀ ਪਾਰ ਲੰਘਾਵਣ ਵਾਲਾ ਕੋਈ ਨਜ਼ਰ ਨ ਆਏ॥
ਜਾਣ ਆਖਰੀ ਤਦ ਉਸ ਵੇਲੇ, ਸਤਿਗੁਰ ਦੀ ਫਿਰ ਪੈਂਦੀ ਲੋੜ॥" ਗੁਰੂ ਗੁਰੂ ਜਪੁ......

3 "ਸਤਿਗੁਰ ਦੇ ਲੜ ਲੱਗਿਆਂ ਹੁੰਦਾ, ਮਨ ਭਰਮਾਂ ਦਾ ਨਿਸਤਾਰਾ॥
ਇਸ ਦੇ ਚਰਨ-ਕੰਵਲ ਵਿਚ ਵੱਸੇ, ਗਿਆਨ ਤੇ ਭਗਤੀ ਦਾ ਭੰਡਾਰਾ॥
ਮੋਹਰ ਜਿਸਦੀ ਜਦ ਫਿਰ ਹੁੰਦੀ, ਕੋਈ ਨ ਰਹਿੰਦੀ ਬਾਕੀ ਥੋੜ॥" ਗੁਰੂ ਗੁਰੂ ਗੁਰ ਜਪੁ.....

4 "ਨਾਮ ਏਸਦਾ ਜਾਣ ਰਹੇ ਤਾਂ ਜੀਵਨ ਭੀ ਆਧਾਰ ਰਹੇ॥
ਇਸ ਦੇ ਮਿੱਠੇ ਬੋਲਾਂ ਦਾ ਸਦਾ ਮਨ ਨੂੰ ਮਿਲਦਾ ਸੁਆਦ ਰਹੇ॥
ਇਸ ਭਵਜਲ ਨੂੰ ਪਾਰ ਕਰਨ ਲਈ ਗੁਰੂ ਅਸੀਸ ਦੀ ਫੜ ਲੈ ਡੋਰ॥" ਗੁਰੂ ਗੁਰੂ ਗੁਰ ਜਪ.......

Sri Satguru Jagjit Singh Ji Elibrary NamdhariElibrary@gmail.com

(ਗੀਤ ਨੰ. ਚਾਲੀ)

"ਤਸਵੀਰ"

1\. "ਵੱਸ ਗਈ ਮਨ ਮੇਰੇ, ਉਹਦੀ ਤਸਵੀਰ ਨੀ"
ਆਖਦੇ ਨੇ ਲੋਕੀ ਜੀਹਨੂੰ, ਭੈਣੀ ਵਾਲਾ ਪੀਰ ਨੀ"

2\. "ਮਿੱਠੀ ਬੋਲੀ ਬੋਲ ਉਹਨੇ, ਜੱਗ ਸਾਰਾ ਮੋਹ ਲਿਆ"
ਪ੍ਰੇਮ ਦੀਆਂ ਡੋਰਾਂ ਪਾਕੇ, ਦਿਲ ਸਾਡਾ ਖੋਹ ਲਿਆ"
ਯਾਦ ਕਰ ਕਰ ਵੱਗੇ ਅੱਖੀਆਂ ਚੋਂ ਨੀਰ ਨੀ" ਆਖਦੇ ਨੇ ਲੋਕੀ........"

3\. "ਉਸ ਦਿਆਂ ਨੈਣਾਂ ਵਿਚ, ਨਾਮ ਦਾ ਖੁਮਾਰ ਸੀ"
ਉਹਦੀ ਤੱਕਣੀ ਨੇ ਕੀਤਾ, ਪਵਿਤ੍ਰਾ ਸੰਸਾਰ ਸੀ"
ਆਂਵਦਾ ਨਾ ਚੈਨ ਦਿਲ ਧਰਦਾ ਨਾ ਧੀਰ ਨੀ" ਆਖਦੇ ਨੇ ਲੋਕੀ......"

4\. "ਮੁਖ ਉੱਤੇ ਰਬ ਜਾਪੇ, ਪਿਆਰ ਦੇ ਸੀ ਗਾਂਵਦਾ"
ਮਸਤੀ ਦਾ ਘੇਰਾ ਤਦੋਂ, ਸਭ ਤੇ ਸੀ ਛਾਂਵਦਾ"
ਉਹਦੀਆਂ ਅਦਾਵਾਂ ਕੀਤਾ ਮੈਨੂੰ ਦਿਲਗੀਰ ਨੀ" ਆਖਦੇ ਨੇ ਲੋਕੀ......"

5\. "ਸਾਰੇ ਜੱਗ ਨਾਲੋਂ ਉਹਦਾ ਵੱਡਾ ਪਰਤਾਪ ਸੀ"
ਦੁਖੀਆਂ ਗਰੀਬਾਂ ਦਾ ਉਹ, ਸਦਾ ਸਾਥੀ ਆਪ ਸੀ"
ਉਸ ਦੇ ਵਿਛੋੜੇ ਵਿਚ ਸੀਨਾ ਮੇਰਾ ਚੀਰ ਨੀ" ਆਖਦੇ ਨੇ ਲੋਕੀ......"

Sri Satguru Jagjit Singh Ji Elibrary NamdhariElibrary@gmail.com

## "ਵਿਛੜੇ ਪ੍ਰੀਤਮ ਦੀ ਯਾਦ"

(ਜੀਤ ਸਿੰ. ਤੇਜ਼ੀ)

1. "ਗੁਰੂ ਰਾਮ ਸਿੰਘ ਤੇਰੇ ਦਰ ਦੇ ਦੀਵਾਨੇ" ਕੂਕਾਂ ਪਏ ਮਾਰਦੇ ਨੇ ਬਣ ਮਸਤਾਨੇ" ਤੇਰੇ ਦਰ ਦੇ......"

2. 'ਕਈਆਂ ਨੇ ਰੋਗ ਐਸਾ ਜਿੰਦੜੀ ਨੂੰ ਲਾ ਲਿਆ"
ਬਿਰਹਾ ਦੇ ਵਿਚ ਸਾਰਾ ਜੀਵਨ ਗਵਾ ਲਿਆ"'
ਮੌਤ ਦੇ ਨਾਲ ਉਹਨਾਂ ਲਾ ਲਏ ਯਰਾਨੇ, ਤੇਰੇ ਦਰ ਦੇ ਦੀਵਾਨੇ" 'ਗੁਰੂ ਰਾਮ ਸਿੰਘ ਤੇਰੇ' "

3. 'ਸਾਗਰਾਂ ਨੂੰ ਚੀਰ ਪਹੁੰਚੇ ਜਾਇ ਪਰਦੇਸ ਵਿਚ"
ਮਿੰਨਤ ਗੁਜ਼ਾਰੀ ਪੀਆ, ਆਉ ਪੁਨ ਦੇਸ ਵਿਚ"'
ਘੱਲਦੇ ਰਹੇ ਤੁਸੀਂ ਆਉਣ ਦੇ ਬਹਾਨੇ, ਬਣ ਗਏ ਅਫ਼ਸਾਨੇ" 'ਗੁਰੂ ਰਾਮ ਸਿੰਘ ਤੇਰੇ' "

4. 'ਤੇਰੀ ਯਾਦ ਵਿਚ ਜਿਵੇਂ ਬੀਤੀ ਜ਼ਿੰਦਗਾਨੀ"
ਦੁਖੀਆਂ ਦੇ ਕੀਰਨੇ, ਤੇ ਦਰਦਾਂ ਦੀ ਕਹਾਣੀ"'
ਨਾਉਂ ਲੈ ਕੇ ਤੇਰਾ ਸਭ ਦੇਂਵਦੇ ਨੇ ਤਾਹਨੇ, ਹੋ ਗਏ ਨੇ ਬੇਗਾਨੇ" 'ਗੁਰੂ ਰਾਮ ਸਿੰਘ ਤੇਰੇ'"

5. 'ਇਕੋ ਸਾਡੀ ਮੰਗ, ਤੇਰਾ ਆਖ਼ਰੀ ਦੀਦਾਰ ਹੋਵੇ"
ਜੀਵਨ ਦੀ ਨਈਆ, ਭਵ-ਸਾਗਰ ਚੋਂ ਪਾਰ ਹੋਵੇ"'
ਬਿਨਤੀ ਕਰੇਂਦੇ ਨਿੱਤ ਬਣ ਕੇ ਨਿਮਾਣੇ, ਤੇਰੇ ਦਰ ਦੇ ਦੀਵਾਨੇ" 'ਗੁਰੂ ਰਾਮ ਸਿੰਘ ਤੇਰੇ'"

Sri Satguru Jagjit Singh Ji Elibrary NamdhariElibrary@gmail.com

"ਮਿੰਨਤ ਇਕ ਤਰਲਾ"

(ਗੀਤ ਨੰ: ਚੌਵੀ)

1. "ਗਲ ਪਾ ਪੱਲਾ ਹੱਥ ਜੋੜ ਰਹੀ॥
ਪੀਆ ਨਾ ਮੁੜਿਆ ਵੇ ਮੈਂ ਮੋੜ ਰਹੀ॥"

2. "ਪੀਆ ਪੁੱਛ ਨਾ ਕਿਆ ਕਦ ਆਵੇਂਗਾ॥ ਮੈਨੂੰ ਕਮਲੀ ਨੂੰ ਲੈ ਗਲ ਲਾਵੇਂਗੇ॥
ਮੈਂ ਨੀਰ ਅੱਖੀਆਂ ਚੋਂ ਡੋਲ੍ਹ ਰਹੀ॥ ਪੀਆ ਨਾ ਮੁੜਿਆ ਵੇ ਮੈਂ ਮੋੜ ਰਹੀ॥"

3. "ਮੇਰੇ ਦਿਲ ਦੀਆਂ ਦਿਲ ਵਿਚ ਰਹਿ ਗਈਆਂ॥ ਮੈਂ ਮਨ ਦੀਆਂ ਚਾਹਤਾਂ ਕਹਿਣ ਲਈਆਂ॥
ਹੁਣ ਮੈਂ ਦਰ ਦਰ ਦੁੱਖੜੇ ਫੋਲ ਰਹੀ॥ ਪੀਆ ਨਾ ਮੁੜਿਆ ਵੇ ਮੈਂ ਮੋੜ ਰਹੀ॥"

4. "ਦਿਨ ਜਾਵਾਂ ਵਿਚ ਰੁਲ ਵਿਰਹੀਆਂ ਮੈਂ॥ ਤਾਰੇ ਗਿਣ ਗਿਣ ਰਾਤਾਂ ਲੰਘਾਈਆਂ ਮੈਂ॥
ਭਰ ਹਉਕੇ ਜਿੰਦੜੀ ਮੈਂ ਰੋਲ ਰਹੀ॥ ਪੀਆ ਨਾ ਮੁੜਿਆ ਵੇ ਮੈਂ ਮੋੜ ਰਹੀ॥"

5. "ਪੀਆ ਮੁਖ ਮੋੜ ਕੇ ਮਝਧਾਰ ਨ ਧੱਕਿਆ ਏ॥ ਤਾਹੀਓਂ ਵਿਰਹੋਂ ਨੇ ਸੀਨਾ ਸੱਲਿਆ ਏ॥
ਪਾ ਪ੍ਰੇਮ ਨੂੰ ਤੱਕੜੀ ਚਿ ਤੋਲ ਰਹੀ॥ ਪੀਆ ਨਾ ਮੁੜਿਆ ਵੇ ਮੈਂ ਮੋੜ ਰਹੀ॥"

Sri Satguru Jagjit Singh Ji Elibrary NamdhariElibrary@gmail.com

"ਜੀਵਨੀ ਵਾਲੜੇ ਦਾ ਡੇਰਾ"

(ਗੀਤ ਲੇ. ਰਖਿ)

1 "ਚੱਲਿਓ ਨੀ ਸਹੇਲੀਓ, ਜੀਵਨੀ ਵਾਲੜੇ ਦਾ ਡੇਰਾ॥ ਅਰਸ਼ਾਂ ਤੋਂ ਨੂਰ ਜਿਥੇ ਪਾਇਆ ਆ ਕੇ ਫੇਰਾ॥"
'ਭੈਣੀ ਵਾਲੇ ਦਾ ਦਰ ਕੇਹੜਾ, ਤਿਹ ਕੇਹੜਾ, ਤਿਹ ਪਿਆਰ ਕੇਹੜਾ॥ "ਚੱਲਿਓ ਨੀ ਸਹੇਲੀਓ॥"

2. "ਜਿਥੇ ਉਹ ਦਾਤਾਰ ਆ ਕੇ ਨਾਮ ਵੰਡਦਾ॥ ਜਿਥੇ ਨਾਮ ਵੰਡਦਾ ਤਿਥੇ ਰਾਮ ਵੱਸਦਾ॥
ਤਿਥੋਂ ਜਸ ਲੱਭਦਾ (ਹੋਕਾ! ਹਾਂ) ਤਿਥੋਂ ਜਸ ਲੱਭਦਾ। ਜਿਥੇ ਪਿਆਰ ਵੱਸਦਾ॥
ਜਿਥੇ ਗੁਰੂ ਤੇ ਸਿੱਖਾਂ ਦਾ ਸਾਗਰ ਵੱਸਦਾ, ਉਥੇ ਆਪ ਹੀ ਨਿਰੰਕਾਰ ਵੱਸਦਾ॥
ਉਹ ਜੀਵਨੀ ਵਾਲੜੇ ਦਾ ਡੇਰਾ, ਕਿ ਡੇਰਾ, ਕਿ ਉਹੀ ਤੇ ਡੇਰਾ॥ "ਚੱਲਿਓ ਨੀ ਸਹੇਲੀਓ॥"

3. "ਜਿਥੇ ਨਾਮ ਦਾ ਪਰਚਾਰੀ ਚਲ ਆਇਆ ਭਗਵਾਨ॥ ਸਾਰੇ ਜੱਗ ਵਿਚ ਫੂਕ ਦੇਵੇ ਜੀਵਨ ਦਾ ਦਾਨ॥
ਹੱਸੇ ਚੰਨ ਵਾਲਾ ਰਾਹ (ਹੋਕਾ! ਹਾਂ) ਜਿਥੇ ਕਲੀ ਮੁਸਕਾਈ॥ ਜਿਥੇ ਫੁੱਲ ਪਰਿਤ ਖੇੜਾ ਖੁਸ਼ੀਆਂ ਦਿਖਾਈ॥
ਉਥੇ ਦੁਖੀਆਂ ਦਿਲਾਂ ਦਾ ਦਿਲਦਾਰ ਵੱਸਦਾ, ਉਹ ਜੀਵਨੀ ਵਾਲੜੇ ਦਾ ਡੇਰਾ ਕਿ ਉਹੀ ਤੇ ਡੇਰਾ॥ "ਚੱਲਿਓ ਨੀ"

4. "ਉਹਦੀ ਮੁੱਠੀ ਵਿਚ ਭਰਿਆ ਹੈ ਭਗਤੀ ਭੰਡਾਰਾ॥ ਸਾਰੀ ਦੁਖੀਆਂ ਦਾ ਦਿੱਸੇ ਉਹਦੇ ਨੈਣਾਂ ਚੋਂ ਨਜ਼ਾਰਾ॥
ਸਾਰੇ ਪ੍ਰੇਮ ਵਾਲੇ ਚਾਹ (ਹੋਕਾ! ਹਾਂ) ਉਹ ਤਾਂ ਵੰਡਦਾ ਦੇ ਪ੍ਰੀਤ॥ ਜਿਥੇ ਸਾਰੇ ਮਿਲ ਗਾਂਵਦੇ ਨੇ ਪਿਆਰ ਵਾਲੇ ਗੀਤ॥
ਉਥੇ ਸ੍ਰਿਸ਼ਟੀ ਦਾ ਸਿਰਜਣਹਾਰ ਵੱਸਦਾ, ਉਹ ਜੀਵਨੀ ਵਾਲੜੇ ਦਾ ਡੇਰਾ ਕਿ ਉਹੀ ਤੇ ਡੇਰਾ॥ ਚੱਲਿਓ ਨੀ ਸਹੇਲੀਓ॥"

Sri Satguru Jagjit Singh Ji Elibrary NamdhariElibrary@gmail.com

(ਗੀਤ ਨੰ: ਛੱਬੀ) "ਪੁਕਾਰ"

1. "ਮੇਰੇ ਦਾਤਾ ਜੀ! ਹੁਣ ਤਾਂ ਸੁਣ ਲਉ ਪੁਕਾਰ॥" ਕਦ ਹੋਵੇਗੀ ਆਸ ਇਹ ਪੂਰੀ,
ਕਦ ਦੇ ਕਰੀਏ ਇੰਤਜ਼ਾਰ॥ "ਚੀਨੀ ਵਾਲੇ ਜੀ! ਹੁਣ ਤਾਂ ਸੁਣ ਲਉ ਪੁਕਾਰ॥"

2. "ਭੈਣੀ ਸਾਹਿਬ ਦਾ ਸੋਹਣਾ ਮੰਦਰ॥ ਹੁੰਦੇ ਜਪੁ ਤਪ ਜਿਹਦੇ ਅੰਦਰ॥
ਜਿਥੇ ਬੈਠਣੇ ਕੂਕੇ ਤੇਰੇ, ਮੰਗਦੇ ਨੇ ਤੇਰਾ ਦੀਦਾਰ॥ ਮੇਰੇ ਦਾਤਾ ਜੀ!
ਹੁਣ ਤਾਂ ਸੁਣ ਲਉ ਪੁਕਾਰ॥ ਕਦ ਹੋਵੇਗੀ ਆਸ ਇਹ ਪੂਰੀ ਕਦ ਦੇ ਕਰੀਏ ਇੰਤਜ਼ਾਰ॥"

3. "ਤੇਰੇ ਵਿਰਹਿ ਵਿਚ ਬੀਤਦੀ ਰੈਣ॥ ਦੁਖੀ ਹੰਸ ਚਿਤ, ਰੋਂਦੇ ਨੈਣ॥
ਕਿਸ ਨੂੰ ਹਾਲ ਸੁਣਾਵਾਂ ਦਿਲ ਦਾ, ਕੋਈ ਨਹੀਂ ਮਹਿਰਮ ਯਾਰ॥ ਮੇਰੇ ਦਾਤਾ ਜੀ!
ਹੁਣ ਤਾਂ ਸੁਣ ਲਉ ਪੁਕਾਰ॥ ਕਦ ਹੋਵੇਗੀ ਆਸ ਇਹ ਪੂਰੀ ਕਦ ਦੇ ਕਰੀਏ ਇੰਤਜ਼ਾਰ॥"

4. "ਸਫ਼ਰ ਜੀਵਨ ਦਾ ਬਹੁਤ ਲੰਮੇਰਾ॥ ਸਾਂਈ! ਇਕ ਵੇਰੀ ਪਾ ਜਾ ਫੇਰਾ॥
ਵਾਟ ਤੇਰੀ ਨੂੰ ਵੇਖਦਿਆਂ ਦੇ, ਥੀਦੇ ਗਏ ਨੇ ਹਾਰ॥ ਮੇਰੇ ਦਾਤਾ ਜੀ!
ਹੁਣ ਤਾਂ ਸੁਣ ਲਉ ਪੁਕਾਰ॥ ਕਦ ਹੋਵੇਗੀ ਆਸ ਇਹ ਪੂਰੀ ਕਦ ਦੇ ਕਰੀਏ ਇੰਤਜ਼ਾਰ॥"

Sri Satguru Jagjit Singh Ji Elibrary NamdhariElibrary@gmail.com

# "ਤੇਰਾ ਦਰ"

(ਜੀਤੋ ਮਤਵਾਲੀ)

1\. "ਮੈਂ ਸੁਣਿਆ ਏ ਤੇਰੇ ਦਰ ਆਕੇ, ਗੁਨਾਹੀ ਬਖਸ਼ੇ ਜਾਂਦੇ ਨੇ"
ਉਹ ਆਪਣੇ ਕੀਤੇ ਨੂੰ ਪਛਤਾਕੇ, ਦਰਗਾਹ ਸੋਭਾ ਪਾਂਦੇ ਨੇ" "ਮੈਂ ਸੁਣਿਐ......

2\. "ਤੂੰ ਰਹਿਮਤ ਦਾ ਖਜ਼ਾਨਾ ਹੈਂ, ਤਾਲਬ ਸਭ ਤੇਰੇ ਦੁਆਰ ਦੇ ਨੇ"
ਜੋ ਆਉਂਦੇ ਖਾਲੀ ਹੱਥ ਏਥੇ, ਝੋਲੀ ਭਰ ਭਰ ਲਿਜਾਂਦੇ ਨੇ" ਮੈਂ ਸੁਣਿਐ......"

3\. "ਤੇਰੇ ਚਰਨਾਂ ਦੀ ਧੂੜੀ ਨੂੰ, ਜੀਹਨੇ ਸੁਰਮਾਂ ਪਾ ਹੀ ਲਿਆ"
ਉਹ ਦੀਦੇ ਤੇਰੇ ਬਿਨ 'ਦਾਤਾ! ਨਾ ਕਿਧਰੇ ਹੋਰ ਤਕਾਂਦੇ ਨੇ" ਮੈਂ ਸੁਣਿਐ......"

4\. "ਰੂਹ ਏਥੇ ਨਾਮ ਦੀ ਛਾਵਾਂ, ਤੇ ਰਾਹਤ ਦਿਲ ਨੂੰ ਮਿਲਦੀ ਹੈ"
ਪ੍ਰਭੂ ਦੀ ਮਸਤੀ ਵਾਲੇ ਜਾਮ, ਭਰ ਭਰ ਪਿਲਾਏ ਜਾਂਦੇ ਨੇ" ਮੈਂ ਸੁਣਿਐ......"

5\. "ਜੇਹੜਾ ਸੌਦਾ ਏਥੇ ਵਿਕਦਾ, ਉਹ ਸਿਰ ਹੁੰਦਾ ਹੈ ਆਸ਼ਕ ਦਾ"
ਤਲੀ ਤੇ ਰੱਖਕੇ ਆਉਂਦੇ ਜੋ, ਜੀਵਨ ਮੁਕਤੀ ਨੂੰ ਪਾਂਦੇ ਨੇ" ਮੈਂ ਸੁਣਿਐ......"

6\. "ਮੈਂ ਕਾਸਾ ਫੜਕੇ ਆਇਆ ਹਾਂ, ਤੇਰੇ ਦਰ ਖੈਰ ਪ੍ਰਸਾਦ ਲਈ"
ਤੇਰੀ ਨਦਰਿ-ਕਰਮ ਦੇ ਨਾਲ, ਕਰਮ ਕਟਾਏ ਜਾਂਦੇ ਨੇ" ਮੈਂ ਸੁਣਿਐ......"

Sri Satguru Jagjit Singh Ji Elibrary NamdhariElibrary@gmail.com

# "ਲੱਖ ਲੱਖ ਵਧਾਈਆਂ"

(ਗੀਤ ਨੰ: ਅਠਾਈ)

1 "ਲੱਖ ਲੱਖ ਨੀ ਵਧਾਈਆਂ ਤੈਨੂੰ ਮਾਂ, ਮੈਂ ਵਾਰੇ ਵਾਰੇ ਜਾਣੀਆਂ, ਮੈਂ ਵਾਰੇ ਵਾਰੇ ਜਾਣੀਆਂ।।
ਲੱਖ ਲੱਖ ਨੀ ਵਧਾਈਆਂ ਤੈਨੂੰ ਮਾਂ।।"

2 "ਮਾਤਾ ਭੂਪਿੰਦਰ ਤੇਰੀ ਗੋਦੀ ਐਹੜਾ ਬਾਲ ਨੀ।।
ਜੱਗ ਨੂੰ ਜਿੱਤਣ ਲਈ ਆਇਆ ਸਿਹ ਲਾਲ ਨੀ।।"
ਕਲਾ ਅਨੰਤ ਤੇ 'ਬੇਅੰਤ' ਏਹਦਾ ਨਾਂ।। 'ਮੈਂ ਵਾਰੇ ਵਾਰੇ ਜਾਣੀਆਂ।।' 'ਲੱਖ ਲੱਖ ਨੀ....।।'

3 "ਸੂਰਜ ਤੋਂ ਵਧ ਏਹਦਾ ਮੁੱਖ ਰੁਸ਼ਨਾਂਵਦਾ।।
ਵੇਖ ਵੇਖ ਚੰਨ ਵੀ ਹੈ ਪਿਆ ਸ਼ਰਮਾਂਵਦਾ।।"
ਏਹ ਤੋਂ ਜਿੰਦੜੀ ਮੈਂ ਘੋਲ ਘੁਮਾਂ।। 'ਮੈਂ ਵਾਰੇ ਵਾਰੇ ਜਾਣੀਆਂ।।' 'ਲੱਖ ਲੱਖ ਨੀ।।'

4 "ਤੇਰੇ ਘਰ ਆਇਆ ਅੱਜ ਅਰਸ਼ਾਂ ਤੋਂ ਨੂਰ ਨੀ।।
ਕਰਕੇ ਦਰਸ਼ ਏਹਦਾ ਆਂਦਾ ਸਰੂਰ ਨੀ।।"
ਗਾਵਾਂ ਖੁਸ਼ੀਆਂ ਦੇ ਗੀਤ ਪਈ ਗਾਂ।। ਮੈਂ ਵਾਰੇ ਵਾਰੇ ਜਾਣੀਆਂ।।" ਲੱਖ ਲੱਖ ਨੀ ਵਧਾਈਆਂ ਤੈਨੂੰ ਮਾਂ।।"

Sri Satguru Jagjit Singh Ji Elibrary NamdhariElibrary@gmail.com

# "ਸਨੇਹੜਾ"

(ਗੀਤ ਨੰ: ਉਨੱਤੀ)

1. "ਰਾਹੀ ਰਾਹੇ ਜਾਂਦਿਆ ਵੇ, ਸਿੱਖੀ ਪੱਗ ਵਾਲਿਆ ਵੇ, ਗੱਲ ਕੋਈ ਸੁਣਾ ਜਾ ਮੈਨੂੰ ਭੈਣੀ ਦੇਸ ਦਰਬਾਰ ਦੀ"

2. 'ਮੁੱਦਤਾਂ ਨੇ ਹੋਈਆਂ ਜਦੋਂ ਗਿਆ ਪਰਦੇਸ ਸੀ' 'ਲਿਖਿਆ ਨ ਪਤਾ ਆਇਆ ਨਾ ਕੋਈ ਸੰਦੇਸ਼ ਸੀ'
ਰਾਹਾਂ ਵਿਚ ਖੜੀ ਉਡੀਕਾਂ, ਲੰਘ ਗਈਆਂ ਕਈ ਤਰੀਕਾਂ, ਕੋਈ ਗੱਲ ਸੁਣਾ ਜਾ ਕੋਈ ਉਸਦੇ ਦੀਦਾਰ ਦੀ
'ਰਾਹੀ ਰਾਹੇ ਜਾਂਦਿਆ ਵੇ.........................'

3. 'ਕਿਸਨੂੰ ਵਿਖਾਵਾਂ ਲੱਗੇ ਸੀਨੇ ਵਾਲੇ ਦਾਗ਼ ਮੈਂ' 'ਕਿਸਨੂੰ ਸੁਣਾਵਾਂ ਹੁਣ ਦਰਦਾਂ ਦੇ ਰਾਗ ਮੈਂ'
ਪੈ ਗਏ ਵਿਛੋੜੇ ਭਾਰੇ, ਜੱਗ ਸਾਰਾ ਮੇਹਣੇ ਮਾਰੇ, ਕਦੋਂ ਪੂਰੀ ਕਰੇਗਾ ਉਹ ਗੱਲ ਇਕਰਾਰ ਦੀ
'ਰਾਹੀ ਰਾਹੇ ਜਾਂਦਿਆ ਵੇ.........................'

4. 'ਏਹੋ ਜਹੇ ਦਿਨ ਰੱਬਾ ਕਿਸੇ ਨੂੰ ਵਿਖਾਈਂ ਨਾ' 'ਰੋਗ ਜੁਦਾਈ ਵਾਲਾ ਕਿਸੇ ਤਾਈਂ ਲਾਈਂ ਨਾ'
ਨੈਣੋਂ ਨਾ ਨੀਂਦ ਆਵੇ, ਦੁੱਖ ਜਾ ਨਾ ਜਰਿਆ ਜਾਵੇ, ਠੰਢਕ ਪੁਚਾ ਜਾ ਕਰਕੇ ਗੱਲ ਉਸਦੇ ਪਿਆਰ ਦੀ
'ਰਾਹੀ ਰਾਹੇ ਜਾਂਦਿਆ ਵੇ.........................'

5. 'ਹੰਝੂਆਂ ਦੇ ਮੋਤੀ ਲੈਕੇ ਆਰਤੀ ਉਤਾਰਾਂ ਮੈਂ' 'ਆ ਜਾਹੁ ਮੇਰੇ ਮੀਤ ਕਹਿਕੇ ਰੋ ਰੋ ਪੁਕਾਰਾਂ ਮੈਂ'
ਦਰ ਦਰ ਦੀ ਖ਼ਾਕ ਛਾਣੀ, ਕਿਧਰੇ ਨਾ ਮਿਲਿਆ ਜਾਨੀ, ਸੋਅ ਸੁਣਾ ਜਾ ਕੋਈ ਬਖ਼ਸ਼ਣਹਾਰ ਦੀ
'ਰਾਹੀ ਰਾਹੇ ਜਾਂਦਿਆ ਵੇ, ਸਿੱਖੀ ਪੱਗ ਵਾਲਿਆ ਵੇ,.........................'

Sri Satguru Jagjit Singh Ji Elibrary NamdhariElibrary@gmail.com

## "ਨਾਮਧਾਰੀ ਪੰਥ ਮੈਨੂੰ ਸਭ ਤੋਂ ਪਿਆਰਾ ਏ"

"ਰਾਹੇ ਜਾਂਦੇ ਇਕ ਦਿਨ ਮੈਨੂੰ ਕਿਸੇ ਪੁਛਿਆ ਸੀ,
ਸੱਚੋ ਸੱਚ ਦੱਸ ਮੈਨੂੰ ਸ਼ੰਕਾ ਇਕ ਭਾਰਾ ਏ॥
ਕਿਹਿਆ ਮੈਂ ਜੱਗ ਵਿਚ ਡਿਠੇ ਨੇ ਅਨੇਕ ਧਰਮ,
ਤੇਰਾ ਪਹਿਰਾਵਾ ਦਿਸੇ ਸਭ ਤੋਂ ਨਿਆਰਾ ਏ॥
ਕਿਸੇ ਪੱਗੀ ਨੀਲੀ, ਕਿਸੇ ਟੋਪੀ, ਕੋਈ ਨੰਗੇ ਸਿਰ,
ਸੁੰਦਰ ਤੇਰੇ ਸੀਸ ਸਿੱਧਾ ਚਿੱਟਾ ਦਸਤਾਰਾ ਏ॥
ਮਾਸ ਅਤੇ ਮਦਿਰਾ ਨੂੰ ਨੇੜੇ ਤੂੰ ਢੁਕਾਂਵਦਾ ਨਾ,
ਸਿਨੇਮੇ ਦਾ ਨਾਂ ਲਿਆਂ ਕੀਤਾ ਤੂੰ ਕਿਨਾਰਾ ਏ॥"
"ਹੱਥ ਜੋੜ ਕਿਹਾ ਵੀਰ ਸੁਣ ਅਰਜੋਈ ਮੇਰੀ,
ਉੱਚਾ ਸੁੱਚਾ ਪੰਥ ਜੀਹਦਾ ਲਿਆ ਮੈਂ ਸਹਾਰਾ ਏ॥
ਚੋਟੀ ਵਾਲੇ ਪ੍ਰੀਤਮ ਨੇ ਆਪ ਏਹਨੂੰ ਸਾਜਿਆ ਏ,
'ਹਰੀ' ਪਰਤੱਖ ਗੁਰੂ ਏਹਦਾ ਰਖਵਾਰਾ ਏ॥
ਕੰਨ ਵਿਚ ਫੂਕ ਜੇਹੜਾ ਇਕ ਵਾਰ ਸੁਣ ਲਵੇ,
ਗੇੜ ਚੁਰਾਸੀ ਕੋਲੋਂ ਪਾਵੇ ਛੁਟਕਾਰਾ ਏ॥
ਗਊ ਤੇ ਗਰੀਬਾਂ ਦਾ ਸਹਾਈ ਤਾਂਹੀਓਂ ਨਿੱਤ ਆਖਾਂ,
'ਨਾਮਧਾਰੀ ਪੰਥ ਮੈਨੂੰ ਸਭ ਤੋਂ ਪਿਆਰਾ ਏ॥'"

Sri Satguru Jagjit Singh Ji Elibrary NamdhariElibrary@gmail.com

## "ਸ਼ਾਂਤੀ ਦੇ ਸੋਮੇ 'ਜਗਜੀਤ' ਨੂੰ ਭੁਲਾਵੀਂ ਨਾਂ"

1. "ਨਾਮਧਾਰੀ ਵੀਰਾ ਇਕ ਸੁਣੀਂ ਅਰਜੋਈ ਮੇਰੀ,
ਵੇਖੀਂ ਕਿਤੇ ਚਿੱਟੇ ਬਾਣੇ ਤਾਈਂ ਲਾਜ ਲਾਵੀਂ ਨਾਂ"
ਭੈਣੀ ਵਾਲੇ ਪਾਤਸ਼ਾਹ ਸਰੂਪ ਤੈਨੂੰ ਬਖਸ਼ਿਆ ਏ,
ਭੁੱਲ ਕੇ ਵੀ ਕਦੇ ਏਹਦੇ ਦਾਗ਼ ਪੁਆਵੀਂ ਨਾਂ"
ਵਡ-ਪਰਤਾਪੀ ਜੇਹੜਾ ਦਿੱਤਾ ਉਪਦੇਸ਼ ਤੈਨੂੰ,
ਸਦਾ ਯਾਦ ਰੱਖੀਂ ਕਿਸੇ ਹੋਰ ਨੂੰ ਸਿਖਾਵੀਂ ਨਾਂ"
ਓਸੇ ਨੇ ਹੀ ਬਣਨਾ ਸਹਾਈ ਤੇਰਾ ਦੁਖ ਵੇਲੇ,
'ਸ਼ਾਂਤੀ ਦੇ ਸੋਮੇ 'ਜਗਜੀਤ' ਨੂੰ ਭੁਲਾਵੀਂ ਨਾਂ"

2. "ਦੀਨਾਂ ਅਤੇ ਦੁਖੀਆਂ ਦੀ ਸੇਵਾ ਨਿਸ਼ਕਾਮ ਕਰੀਂ,
ਕੰਨਾਂ ਰਾਹੀਂ ਨਿੰਦਿਆ ਕਦੇ ਸੁਣੀਂ ਤੇ ਸੁਣਾਵੀਂ ਨਾਂ"
ਢਲੇ ਪਰਛਾਵੇਂ ਵਾਂਗੂੰ ਮਾਇਆ ਦਾ ਨ ਮਾਣ ਕਰੀਂ,
ਬੀਤ ਗਿਆ ਸਮਾਂ ਯਾਦ ਕਰ ਪਛਤਾਵੀਂ ਨਾਂ"

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

(ਪਿਛਲੇ ਪੰਨੇ ਦੀ ਬਾਕੀ)

ਸੰਤਾਂ ਦਾ ਸੰਗ ਕਰੀਂ, ਹਰੀ-ਜਸ ਗਾਵੀਂ ਸਦਾ,
ਏਹਦੇ ਬਿਨਾਂ ਹੋਰ ਕਿਸੇ ਨਾਲ ਪ੍ਰੀਤ ਪਾਵੀਂ ਨਾਂ ॥
ਚਰਨਾਂ ਦਾ ਭੌਰਾ ਬਣ, ਨਿੱਤ ਅਰਦਾਸ ਕਰੀਂ,
ਸ਼ਾਤੀ ਦੇ ਸੋਮੇ 'ਜਗਜੀਤ' ਨੂੰ ਭੁਲਾਵੀਂ ਨਾਂ ॥"

੩. "ਮਾਨਸ ਅਮੋਲ ਜਨਮ, ਮਿਲਿਆ ਸੁਭਾਗਾ ਤੈਨੂੰ,
ਕੌਡੀਆਂ ਦੇ ਭਾ ਏਹਦਾ ਮੁੱਲ ਤੂੰ ਪੁਆਵੀਂ ਨਾਂ ॥
ਇਕ ਪਲ ਨਾਮ ਜਪੀਂ, ਜੀਹਨੇ ਕੰਮ ਆਵਣਾ ਏ,
ਧੰਧਿਆਂ ਦੇ ਵਿੱਚ ਵੇਲਾ ਐਵੇਂ ਤੂੰ ਗੁਵਾਵੀਂ ਨਾਂ ॥
ਸ਼ੁੱਧ ਆਹਾਰ, ਤੇ ਵਿਚਾਰ ਸ਼ੁੱਭ ਰੱਖੀਂ ਸਦਾ,
ਸਤ-ਸੰਗ ਬਿਨਾਂ ਹੋਰ, ਪੈਰ ਕਿਤੇ ਪਾਵੀਂ ਨਾਂ ॥
ਹਿਰਦੇ ਵਿੱਚ ਸਦਾ, ਤਸਵੀਰ ਵਸਾਵੀਂ ਏਹਦੀ,
ਸ਼ਾਤੀ ਦੇ ਸੋਮੇ 'ਜਗਜੀਤ' ਨੂੰ ਭੁਲਾਵੀਂ ਨਾਂ ॥"

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

(ਪਿਛਲੇ ਪੰਨੇ ਦੀ ਬਾਕੀ)

1. "ਗੁਰਮੁਖਾਂ ਵਾਂਗੂ ਤੇਰਾ, ਜੀਵਨ ਪਵਿੱਤਰ ਹੋਵੇ,
ਫਿੱਕੇ ਬੋਲ ਬੋਲ, ਦਿਲ ਕਿਸੇ ਦਾ ਦੁਖਾਵੀਂ ਨਾ ॥
ਟੁੱਟਿਆਂ ਨੂੰ ਜੋੜੀਂ, ਕਦੇ ਤੋੜੀਂ ਨਾ ਤੂੰ ਜੁੜੇ ਦਿਲ,
ਪੁੱਟਿਆ ਕਦਮ ਫੇਰ, ਪਿਛਾਂਹ ਪਰਤਾਵੀਂ ਨਾ ॥
ਜਥਾ ਸ਼ਕਤ ਦਾਨ, ਨੇਮ ਨਾਲ ਸਿਮਰਨ ਕਰੀਂ,
ਨੇਕ ਭਲਾਈ, ਸੇਵਾ ਕਰੀਂ, ਜਤਲਾਵੀਂ ਨਾ ॥
ਬਣ ਕੇ ਭਿਖਾਰੀ, ਬੈਠਦੇ ਦਰ ਉੱਤੇ ਮੰਗ ਮੰਗੀਂ,
'ਸਤਿਗੁਰੂ ਜੀਓ' ਮੈਨੂੰ ਕਦੇ ਵੀ ਭੁਲਾਵੀਂ ਨਾ ॥"

Sri Satguru Jagjit Singh Ji Elibrary NamdhariElibrary@gmail.com

(ਗੀਤ ਨੰ: 30)

## "ਇਕ ਅਰਦਾਸ"

1. "ਤੇਰੇ ਦੁਆਰੇ ਦਾਤਾ! ਇਕ ਅਰਦਾਸ ਏ॥ ਲਗੀ ਬੁਝਾਦੇ ਮੇਰੀ, ਦਰਸ਼ਨ ਦੀ ਪਿਆਸ ਏ॥"

2. "ਨੈਣਾਂ ਦਾ ਦੀਵਾ ਮੇਰਾ ਉਹ ਵੀ ਟਿਮਟਿਮਾ ਰਿਹਾ॥ ਭੌਰਿਆਂ ਦੀ ਥਾਂ ਡੇਰਾ ਧੁੰਦੀਆਂ ਨੇ ਲਾ ਲਿਆ॥
ਪਤਾ ਨਹੀਂ ਬਾਕੀ ਕਿੰਨੇ ਰਹਿ ਗਏ ਸਵਾਸ ਏ॥ 'ਲੱਗੀ ਬੁਝਾਦੇ ਮੇਰੀ..............॥"

3. "ਗਲੇ ਵਿਚੋਂ ਬੋਲ ਮੇਰੇ ਰੁੱਕ ਰੁੱਕ ਆਂਵਦੇ॥ ਜੀਵਨ ਦੇ ਸਾਹ ਉਹ ਵੀ ਮੁੱਕੇ ਮੁੱਕੇ ਜਾਂਵਦੇ॥
ਵਿਚੇ ਨਾ ਰਹਿ ਜਾਏ ਕਿਤੇ ਮਨ ਵਿਚ ਆਸ ਏ॥ 'ਲੱਗੀ ਬੁਝਾਦੇ ਮੇਰੀ..............॥"

4. "ਰੋਗ ਬੁਢੇਪੇ ਕੀਤਾ ਐਸਾ ਨਿਢਾਲ ਹੁਣ॥ ਕਦਮ ਉਠਾਣਾ ਬੜਾ ਜਾਪਦਾ ਮੁਹਾਲ ਹੁਣ॥
ਅੰਤ ਦੇ ਵੇਲੇ ਵੇਖੀਂ, ਕਰੀਂ ਨਾ ਨਿਰਾਸ਼ ਏ॥ 'ਲੱਗੀ ਬੁਝਾਦੇ ਮੇਰੀ..............॥"

5. "ਹਾਲ ਵੇਖ ਮੇਰਾ ਪਿਆਰਾ ਨਾਲ ਮੁਸਕੌਂਵਦਾ॥ ਜਮਾਂ ਪਰਲੋਕ ਵਾਲਾ ਨੇੜੇ ਪਿਆ ਆਂਵਦਾ॥
ਜਮਾਂ ਕੋਲੋਂ ਕਰੀਂ ਮੇਰੀ, ਬੰਦ ਖਲਾਸ ਏ॥ 'ਲੱਗੀ ਬੁਝਾਦੇ ਮੇਰੀ..............॥"

6. "ਮੇਰੀ ਇਕ ਮੰਗ ਤੇਰੇ ਮੰਨਣ ਦੇ ਜੋਗ ਏ॥ ਕੱਟਦੇ ਕਰਮ ਅਤੇ ਜਨਮਾਂ ਦੇ ਰੋਗ ਏ॥
(ਜਾਂ) ਮੇਰੀ ਇਕ ਮੰਗ ਤੇਰੇ ਮੰਨਣ ਦੇ ਜੋਗ ਏ॥ ਤੇਰੀ ਹਜ਼ੂਰੀ ਵਿਚ ਪਵੇ ਮੇਰਾ ਭੋਗ ਏ॥
ਚਰਨਾਂ ਦੇ ਵਿੱਚ ਮੈਨੂੰ ਮਿਲ ਜਾਏ ਨਿਵਾਸ ਏ॥ 'ਲੱਗੀ ਬੁਝਾਦੇ ਮੇਰੀ..............॥"

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# "ਅੰਤਮ ਬੇਨਤੀ"

"ਮੈਂ ਗਰੀਬ-ਨਿਵਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਦੀ ਬਖਸ਼ਸ਼ ਨਾਲ ਮੈਨੂੰ ਸੰਨ 1974 ਵਿਚ ਲੁਧਿਆਣੇ ਵਿਖੇ ਹੋਲਾ ਮੇਲਾ ਵੇਖਣ ਦਾ ਅਵਸਰ ਮਿਲਿਆ ਅਤੇ ਖਾਸ ਕਰਕੇ ਭੋਗ ਵਾਲੇ ਦਿਨ ਵਿਚ ਮਸ਼ਹੂਰ ਕਵੀਸ਼ਰ ਆਰਟਿਸਟ ਸ੍ਰ: ਹਰਭਜਨ ਸਿੰਘ 'ਰਤਨ' ਨੇ ਆਪਣੇ ਮਨੋਹਰ ਗੀਤ ਗਾ ਕੇ ਸਭਨਾ ਦੇ ਮਨ ਮੋਹ ਲਏ ॥ ਉਸ ਵੇਲੇ ਮਨ ਵਿਚ ਵਿਚਾਰ ਪਰਗਟ ਹੋਇਆ ਜੇ ਸਾਧ ਸੰਗਤ ਵਿਚ ਇਸ ਪਰਕਾਰ ਪ੍ਰਭੂ-ਭਗਤੀ ਦੇ ਗੀਤ ਸੁਣੇ ਜਾਣ ਤਾਂ ਸਤਿਗੁਰੂ ਜੀ ਦੇ ਚਰਨ-ਕੰਵਲਾਂ ਦਾ ਪਿਆਰ ਹੋਰ ਵੀ ਵਧੇਗਾ ॥ ਸੋ ਇਸ ਪਰਕਾਰ ਦੇ ਗੀਤ ਲਿਖਣ ਦੇ ਵਿਚਾਰ ਹੌਲੇ ਹੌਲੇ ਸਮੁੰਦਰ ਦੀਆਂ ਲਹਿਰਾਂ ਵਾਂਗੂ ਇਕੱਠੇ ਹੋਏ ਗਏ ਤੇ ਇਕ ਦਿਨ ਇਹ ਜਵਾਰ-ਭਾਟਾ ਬਣਕੇ ਇਸ ਤਰ੍ਹਾਂ ਇਕ ਗੀਤ ਦਾ ਰੂਪ ਬਣਕੇ ਸਾਕਾਰ ਹੋ ਗਏ ਤੇ ਇਹ ਪਹਿਲਾ ਗੀਤ (ਨੰ: 5 ਤੇ ਹੈ) ਜਗਜੀਤ ਸਿੰਘ 'ਅਜ਼ਾਦ', ਤਰਨ ਸਿੰਘ ਚਾਵਲਾ ਤੇ ਜਸਪਾਲ ਸਿੰਘ ਮਨਚੰਦਾ ਨੇ ਸਾਧ ਸੰਗਤ ਵਿਚ ਮਨੋਹਰ ਸੁਰਾਂ ਨਾਲ ਗਾ ਕੇ ਪੇਸ਼ ਕੀਤਾ ਤੇ ਇਹ ਗੀਤ ਸਭ ਨੇ ਪਰਵਾਨ ਕੀਤਾ ਅਤੇ ਇਸ ਤਰ੍ਹਾਂ ਮਨ ਵਿਚ ਲਿਖਣ ਦਾ ਚਾਉ ਹੋਰ ਉਠਿਆ ਤੇ ਨਵੀਂ ਗੀਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗਾਏ ਜਾਂਦੇ ਰਹੇ ਜੋ ਆਪ ਜੀ ਨੇ ਵੀ ਆਪਣੇ ਦਰ ਤੇ ਪਰਵਾਨ ਕੀਤੇ ॥ ਸੋ ਇਹ ਛੋਟਾ ਜੇਹਾ ਹਸਤ-ਲਿਖਤ ਸ੍ਰੀ ਸਤਿਗੁਰੂ ਭਗਤੀ ਭਾਵ ਨਾਲ ਪੂਰਤ ਗੀਤਾਂ ਦਾ ਸੰਗਰਹਿ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਚਰਨ-ਕੰਵਲਾਂ ਦੀ ਭੇਟ ਕਰ ਰਿਹਾ ਹਾਂ ਜਿਸ ਵਿਚ ਤੀਹ ਗੀਤ ਅਤੇ ਦੋ ਕਵਿਤਾ ਕਬਿੱਤ ਦੇ ਰੂਪ ਵਿਚ ਹਨ ਇਸ ਵਿਚ ਜੋ ਤ੍ਰੁਟੀਆਂ ਹਨ ਉਹ ਮੇਰੀਆਂ ਹਨ ਉਸ ਲਈ ਮੈਂ ਗਰੀਬ-ਨਿਵਾਜ ਜੀ ਦੇ ਚਰਨਾਂ ਤੇ ਨਮਸਕਾਰ ਕਰਦਾ ਹੋਇਆ ਮਾਫ਼ੀਆਂ ਦੀ ਜਾਚਨਾ ਕਰਦਾ ਹਾਂ ਤੇ ਇਹ ਬੇਨਤੀ ਕਰਦਾ ਹਾਂ ਕਿ ਸੇਵਕ ਜਾਣਕੇ ਸਦਾ ਆਪਣਾ ਬਣਾਈ ਰੱਖਣਾ ॥" (ਸਦਾ ਹੀ, ਆਪ ਜੀ ਦਾ ਚਰਨ-ਸੇਵਕ)

"ਕਿਰਪਾਲ ਸਿੰਘ ਮਨਚੰਦਾ" ( [illegible]

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com